# ਕੈਨੇਡਾ ਦਰਪਣ

ਫਰਵਰੀ 05, 1988

**February 05, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 60¢ Weekending February 05, 1988 Vol. 07 No. 05 Out of Greater Vancouver 75¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper

Ph. (604) 581-4473
P.O.BOX 265, Surrey, B.C. V3T 4W8

# ਕਤਲਾਂ ਦਾ ਸਿਲਸਿਲਾ ਜਾਰੀ

## ਬਰਨਾਲਾ 'ਚ 12, ਫਰੀਦਕੋਟ 'ਚ 9 ਹਲਾਕ

ਚੰਡੀਗੜ੍ਹ — 26 ਜਨਵਰੀ ਤੱਕ ਪੰਜਾਬ 'ਚ 105 ਕਤਲ ਹੋਏ ਹਨ ਤੇ ਬੀ. ਬੀ. ਸੀ. ਅਨੁਸਾਰ ਔਸਤਨ ਪੰਜ ਕਤਲ ਹਰ ਰੋਜ਼ ਹੋ ਰਹੇ ਹਨ। 22 ਜਨਵਰੀ ਨੂੰ ਬਰਨਾਲੇ 'ਚ 12 ਵਿਅਕਤੀ ਕਤਲ ਹੋਏ ਜੋ ਰਾਸ਼ਟਰੀ ਸੋਇਮ ਸੰਘ ਦੇ ਮੈਂਬਰ ਸਨ। ਉਸੇ ਦਿਨ ਫਰੀਦਕੋਟ ਦੇ ਇਕ ਪਿੰਡ ਵਿਚ 9 ਜੀਆਂ ਦਾ ਇਕ ਸਿਖ ਪਰਵਾਰ ਦਹਿਸ਼ਤਗਰਦੀ ਦੀ ਭੇਟ ਹੋ ਗਿਆ। ਹੁਸ਼ਿਆਰਪੁਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਉਤੇ ਦੂਜੀ ਵਾਰ ਕਾਤਲਾਨਾ ਹਮਲਾ ਹੋਇਆ, ਲੁਧਿਆਣੇ ਵਿਚ ਭਾਰਤੀ ਜਨਤਾ ਪਾਰਟੀ ਦਾ ਸਕੱਤਰ ਖੁਸ਼ੀ ਰਾਮ ਹਲਾਕ ਹੋ ਗਿਆ। ਫੀਰੋਜ਼ਪੁਰ ਦੇ ਮਾਨਾਂਵਾਲੇ ਹਲਕੇ ਵਿਚ ਦੋ ਦਹਿਸ਼ਤਗਰਦ ਮਾਰੇ।

### ਬਰਨਾਲਾ ਸ਼ਹਿਰ 'ਚ ਕਤਲ

ਛੇ ਬੰਦੂਕਧਾਰੀਆਂ ਨੇ ਵਿਰਕਾਪ੍ਰਸਤ ਜਥੇਬੰਦੀ ਰਾਸ਼ਟਰੀ ਸੋਇਮ ਸੰਘ ਦੇ ਬਾਰਾਂ ਵਲੰਟੀਅਰ ਮੌਤ ਦੇ ਘਾਟ ਉਤਾਰ ਦਿੱਤੇ। ਮੈਦਾਨ ਵਿਚ ਯੂਨੀਫਾਰਮਾਂ ਪਾਈ ਇਹ ਵਾਲੰਟੀਅਰ ਆਪਣੇ ਡੰਡਿਆਂ ਸਮੇਤ ਕਵਾਇਤ ਕਰ ਰਹੇ ਸਨ ਜਦੋਂ ਛੇ ਬੰਦੂਕਧਾਰੀਆਂ ਨੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਬੰਦੂਕਧਾਰੀਆਂ ਕੋਲ ਸਟੇਨਗੰਨਾਂ ਸਨ। 9 ਵਿਅਕਤੀ ਥਾਂ ਉਤੇ ਹੀ ਮਾਰੇ ਗਏ ਅਤੇ ਤਿੰਨਾਂ ਦੀ ਮੌਤ ਬਾਅਦ ਹਸਪਤਾਲ ਵਿਚ ਹੋ ਗਈ। ਬਰਨਾਲਾ ਸ਼ਹਿਰ ਉਸੇ ਵੇਲੇ ਬੰਦ ਹੋ ਗਿਆ।

### ਕਾਬਲ ਸਿੰਘ ਉਤੇ ਦੁਬਾਰਾ ਹਮਲਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਕਾਬਲ ਸਿੰਘ ਉਤੇ ਪਰਸੋਂ ਦੁਬਾਰਾ ਹਮਲਾ ਉਨ੍ਹਾਂ ਦੇ ਪਿੰਡ ਜ਼ਿਲਾ ਹੁਸ਼ਿਆਰਪੁਰ ਵਿਚ ਕੀਤਾ ਗਿਆ। ਹਮਲਾ ਕਰਨ ਵਾਲੇ ਦੋ ਨੌਜਵਾਨ ਸਨ ਜਿਨ੍ਹਾਂ ਨੇ ਚਾਰ ਗੋਲੀਆਂ ਚਲਾਈਆਂ ਤੇ ਇਕ ਬਾਹਰ ਮੋਟਰ ਸਾਈਕਲ ਉਤੇ ਪਹਿਰੇ ਉਤੇ ਖੜ੍ਹਾ ਰਿਹਾ। ਕਾਬਲ ਸਿੰਘ ਦੀ ਹਾਲਤ ਖਤਰੇ ਤੋਂ ਬਾਹਰ ਹੈ। ਉਨ੍ਹਾਂ ਉਤੇ ਇਹ ਦੂਜਾ ਹਮਲਾ ਹੈ। ਇਸ ਤੋਂ ਪਹਿਲਾਂ ਕਪੂਰਥਲੇ ਵਿਚ ਵੀ ਉਨ੍ਹਾਂ 'ਤੇ ਗੋਲੀ ਚਲਾਈ ਗਈ ਸੀ। ਕਾਬਲ ਸਿੰਘ ਬਰਨਾਲਾ ਅਕਾਲੀ ਦਲ ਨਾਲ ਸਬੰਧਤ ਹਨ।

### ਫਰੀਦਕੋਟ 'ਚ 9 ਕਤਲ

ਜ਼ਿਲਾ ਫਰੀਦਕੋਟ ਦੇ ਇਕ ਪਿੰਡ ਵਿਚ ਹਮਲਾ ਕਰਕੇ ਦਹਿਸ਼ਤਗਰਦਾਂ ਨੇ ਇਕ ਪੂਰਾ ਸਿਖ ਪਰਵਾਰ ਖਤਮ ਕਰ ਦਿੱਤਾ। ਸਦਾ

ਬਾਕੀ ਪੰਨਾ 2 'ਤੇ

## ਵੈਨਕੂਵਰ ਦੀ ਇੰਡੋ-ਕੈਨੇਡੀਅਨ ਕਮਿਊਨਿਟੀ ਵਲੋਂ

# ਰੀਪਬਲਿਕ ਡੇਅ ਮਨਾਇਆ ਗਿਆ



ਆਈ. ਐਨ. ਏ. ਦੇ ਸਾਬਕਾ ਕੈਪਟਨ ਖੂਬ ਚੰਦ ਸਮਤਾਨੀ ਸੰਬੋਧਨ ਕਰਦੇ ਹੋਏ ਤੇ ਨਾਲ ਖੱਬੇ ਹੱਥ ਡਾਕਟਰ ਗੁਰਦੇਵ ਸਿੰਘ ਗਿੱਲ ਖੜ੍ਹੇ ਹਨ।

ਵੈਨਕੂਵਰ : (ਪ੍ਰੈਸ ਰਿਲੀਜ਼) — 23 ਜਨਵਰੀ ਦੀ ਸ਼ਾਮ ਨੂੰ ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ, ਵੈਨਕੂਵਰ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵੀਵਾ ਮੈਕਸੀਕਨ ਰੈਸਟਰਾਂ ਵਿਚ ਭਾਰਤ ਦਾ 39ਵਾਂ ਰੀਪਬਲਿਕ ਡੇਅ ਮਨਾਇਆ ਗਿਆ। 26 ਜਨਵਰੀ ਦਾ ਦਿਨ ਭਾਰਤੀ ਕਮਿਊਨਿਟੀ ਲਈ ਵੱਡੀ ਮਹੱਤਤਾ ਰੱਖਦਾ ਹੈ ਕਿਉਂਕਿ ਇਸ ਦਿਨ 1950 ਵਿਚ ਦੇਸ਼ ਦਾ ਜਮਹੂਰੀ ਢਾਂਚਾ ਹੋਂਦ ਵਿਚ ਆਇਆ। ਕੈਨੇਡੀਅਨ ਕਮਿਊਨਿਟੀ ਦੇ ਲੈਜਿਸਲੇਚਰ ਵਿਚ ਪ੍ਰਤੀਨਿਧ, ਵੱਖ ਵੱਖ ਸ਼ਹਿਰਾਂ ਦੇ ਮੇਅਰ, ਡਿਪਟੀ ਮੇਅਰ ਤੇ ਕੌਂਸਲਰ ਵੀ ਸ਼ਾਮਲ ਹੋਏ। ਇੰਡੋ-ਕੈਨੇਡੀਅਨ ਕਮਿਊਨਿਟੀ ਦਾ ਪ੍ਰਤੀਨਿਧ ਐਮ. ਐਲ. ਏ. ਮੋਅ ਸਹੋਤਾ ਵੀ ਆਪਣੀ ਪਤਨੀ ਸਮੇਤ ਸ਼ਾਮਲ ਸੀ।

ਬਾਕੀ ਪੰਨਾ 2 'ਤੇ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼ਰੀਦੋ

■ New ■ Used or ■ Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

LOWEST PRICES GUARANTEED

ROYAL FURNITURE LTD.

2607 MAIN STREET (at 10th. AVE. VANCOUVER, B.C.

VISA

TEL. 874-9525

MASTER CARD VISA ACCEPTED

ਪੰਨਾ 1 ਦੀ ਬਾਕੀ

ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਬੁਲਾਰੇ ਡਾ: ਗੁਰਦੇਵ ਸਿੰਘ ਗਿੱਲ ਨੇ ਸਮਾਗਮ ਦਾ ਆਰੰਭ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਦਾ ਫ਼ਖਰ ਇੰਡੋ-ਕੈਨੇਡੀਅਨ ਕਮਿਊਨਿਟੀ ਲਈ ਇਸ ਲਈ ਵੱਧ ਹੈ ਕਿਉਂਕਿ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਗ਼ਦਰੀ ਬਾਬਿਆਂ ਨੇ ਸਭ ਤੋਂ ਵੱਧ ਦਿੱਤੀਆਂ ਜੋ ਆਪਣੀ ਕਮਾਈ ਨੂੰ ਲੱਤ ਮਾਰਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਾਰਤ ਜਾ ਕੇ ਅੰਗਰੇਜ਼ਾਂ ਦੇ ਵਿਰੁੱਧ ਲੜੇ, ਫਾਂਸੀਆਂ ਤੇ ਚੜ੍ਹੇ ਅਤੇ ਉਮਰ ਕੈਦਾਂ ਕੱਟੀਆਂ। ਉਨ੍ਹਾਂ ਕਿਹਾ ਖਾਸਕਰ ਪੰਜਾਬੀ ਕਮਿਊਨਿਟੀ ਨੂੰ ਮਾਣ ਹੈ ਕਿ ਸਭ ਤੋਂ ਵੱਧ ਕੁਰਬਾਨੀਆਂ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਹੀ ਕੀਤੀਆਂ। ਉਨ੍ਹਾਂ ਕਿਹਾ ਕਿ ਗ਼ਦਰੀ ਬਾਬੇ ਧਰਮ-ਨਿਰਲੇਪਤਾ ਦਾ ਚਿੰਨ੍ਹ ਸਨ ਤੇ ਫਿਰਕਾਪ੍ਰਸਤਾਂ ਵਿਰੁਧ ਉਹ ਸਦਾ ਲੜਦੇ ਰਹੇ। ਡਾ: ਗਿੱਲ ਨੇ ਕਿਹਾ ਕਿ ਕੈਨੇਡਾ ਵਿਚ ਵੀ ਭਾਰਤੀਆਂ ਨੂੰ ਆਪਣੇ ਹੱਕਾਂ ਲਈ ਲੜਨਾ ਪਿਆ ਹੈ ਤੇ ਇਸ ਵਿਚ ਵੀ ਵੱਧ-ਗਿਣਤੀ ਪੰਜਾਬੀਆਂ ਦੀਆਂ ਕੁਰਬਾਨੀਆਂ ਹੀ ਸ਼ਾਮਲ ਹਨ।

ਸਮਾਗਮ ਦੇ ਪਹਿਲੇ ਬੁਲਾਰੇ ਵੈਨਕੂਵਰ ਸੈਂਟਰ ਦੇ ਐਮ. ਐਲ. ਏ. ਐਮਰੀ ਬਾਰਨਜ਼ ਸਨ ਜਿਨ੍ਹਾਂ ਪਬਲਿਕ ਡੇਅ ਦੀ ਵਧਾਈ ਦਿੰਦਿਆਂ ਕਿਹਾ ਕਿ ਕੈਨੇਡਾ ਵਿਚ ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਰੋਲ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਕਮਿਊਨਿਟੀ ਦੇਸ਼ ਦੀ ਖੁਸ਼ਹਾਲੀ ਵਿਚ ਅਹਿਮ ਹਿਸਾ ਪਾ ਰਹੀ ਹੈ।

ਨਿਊਵੈਸਟਮਿਨਸਟਰ ਦੇ ਮੇਅਰ ਮਿ: ਬੇਕਰ ਨੇ ਕਿਹਾ ਕਿ ਬੀ. ਸੀ. ਦੀ ਆਰਥਿਕਤਾ ਵਿਚ ਪੰਜਾਬੀ ਲੋਕਾਂ ਨੇ ਭਰਪੂਰ ਯੋਗਦਾਨ ਪਾਇਆ ਹੈ ਤੇ ਸਾਨੂੰ ਇਸ ਕਮਿਊਨਿਟੀ ਦੀ ਕਲਚਰ ਤੇ ਰਵਾਇਤਾਂ ਦਾ ਬਹੁਤ ਮਾਣ ਹੈ।

ਇਸ ਪੜਾਅ 'ਤੇ ਡਾ: ਗਿੱਲ ਨੇ ਦੇਸ਼ ਦੀ ਆਜ਼ਾਦੀ ਲਈ ਜੂਝੇ ਦੋ ਆਈ. ਐਨ. ਏ. ਦੇ ਸਾਬਕਾ ਅਫ਼ਸਰਾਂ — ਸ: ਨਰੰਜਣ ਸਿੰਘ 'ਜੈ ਹਿੰਦ' ਅਤੇ ਖੂਬ ਚੰਦ ਸਮਤਾਨੀ ਨੂੰ ਸਰੋਤਿਆਂ ਸਾਹਮਣੇ ਸਨਮਾਨਦਿਆਂ ਕਿਹਾ ਕਿ ਸੁਭਾਸ਼ ਚੰਦਰ ਬੋਸ ਦੀ ਕਮਾਂਡ ਹੇਠ ਆਈ. ਐਨ. ਏ. ਦੇ ਸਿਪਾਹੀਆਂ ਨੇ ਆਪਣਾ ਆਪ ਦੇਸ਼ ਦੀ ਆਜ਼ਾਦੀ ਲਈ ਅਰਪਤ ਕੀਤਾ। ਖੂਬ ਚੰਦ ਸਮਤਾਨੀ ਆਪਣੇ ਆਈ. ਐਨ. ਏ. ਦੀ ਵਰਦੀ ਵਿਚ ਸਨ। ਲੋਕਾਂ ਨੇ ਤਾੜੀਆਂ ਮਾਰ ਕੇ ਉਨ੍ਹਾਂ ਦਾ ਸੁਆਗਤ ਕੀਤਾ।

ਬੀ. ਸੀ. ਲੈਜਿਸਲੇਚਰ ਵਿਚ ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਪਹਿਲੇ ਪ੍ਰਤੀਨਿਧ ਮੋਅ ਸਹੋਤਾ ਨੇ ਕਿਹਾ ਕਿ ਮੈਨੂੰ ਇਸ ਕਮਿਊਨਿਟੀ ਦਾ ਮੈਂਬਰ ਹੋਣ ਦਾ ਮਾਣ ਹੈ। ਉਨ੍ਹਾਂ ਕਿਹਾ ਕਿ ਜਿਥੇ ਭਾਰਤ ਨਾਲ ਸਾਡੇ ਡੂੰਘੇ ਭਾਵੁਕ ਸਬੰਧ ਹਨ, ਉਥੇ ਇਸ ਦੇਸ਼ ਵਿਚ ਵੀ ਅਸੀਂ ਰਾਜਸੀ, ਆਰਥਿਕ, ਸਮਾਜਕ ਤੇ ਸਭਿਆਚਾਰਕ ਤੌਰ ਉਤੇ ਆਪਣੇ ਹੱਕਾਂ ਲਈ ਪਹਿਲਾਂ ਵੀ ਲੜੇ ਹਾਂ ਤੇ ਹੁਣ ਵੀ ਲੜਨਾ ਹੈ। ਉਨ੍ਹਾਂ ਕਿਹਾ ਕਿ ਸਾਡੀ ਕਮਿਊਨਿਟੀ ਨੂੰ ਰਾਜਸੀ ਚੇਤੰਨਤਾ ਅਪਣਾ ਕੇ ਅੱਗੇ ਆਉਣ ਦੀ ਲੋੜ ਹੈ।

ਸਮਾਗਮ ਵਿਚ ਸਰੀ ਕੌਂਸਲ ਦੇ ਸਭ ਤੋਂ ਪੁਰਾਣੇ ਐਲਡਰਮੈਨ ਬਿਲ ਫੋਮਿਚ ਜੋ 28 ਸਾਲ ਤੋਂ ਕੌਂਸਲ ਉਤੇ ਹਨ ਵੀ ਸ਼ਾਮਲ ਸਨ। ਵੈਨਕੂਵਰ ਦੇ ਡਿਪਟੀ ਮੇਅਰ ਫ਼ਿਲਪ ਓਵਨ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਜੋ ਵਕੀਲ ਸਨ ਉਨ੍ਹਾਂ ਨੇ ਸ: ਕਪੂਰ ਸਿੰਘ ਦਾ ਕੇਸ ਲੜਿਆ ਸੀ। ਕਪੂਰ ਸਿੰਘ ਕਮਿਊਨਿਟੀ ਦੇ ਪਹਿਲੇ ਆਉਣ ਵਾਲਿਆਂ ਵਿਚ ਆਗੂ ਸਨ।

ਸਮਾਗਮ ਵਿਚ ਵੈਨਕੂਵਰ ਈਸਟ ਦੇ ਐਮ. ਐਲ. ਏ. ਮਿ: ਗਲਿਨ ਕਲਾਰਕ ਵੀ ਸ਼ਾਮਲ ਸਨ। ਵੈਨ ਸਿਟੀ ਦੇ ਡੇਵਿਡ ਲੇਵੀ ਵੀ ਹਾਜ਼ਰ ਸਨ

ਭਾਰਤੀ ਕਮਿਊਨਿਟੀ ਵਿਚੋਂ ਇੰਡੀਅਨ ਕਲਚਰਲ ਸੁਸਾਇਟੀ ਦੇ ਆਸਾ ਸਿੰਘ ਜੌਹਲ, ਕਰਨੈਲ ਸਿੰਘ ਜੌਹਲ, ਗੁਜਰਾਤੀ ਸੁਸਾਇਟੀ ਦੇ ਮਿ: ਪਾਡਰੀ, ਜਵੀਦਾਸ ਸਭਾ ਦੇ ਚੇਅਰਮੈਨ ਦਰਸ਼ਨ ਸਿੰਘ ਖੇੜਾ, ਵੀ ਐਚ ਪੀ ਦੇ ਸ੍ਰੀ ਓਮ ਪਾਲ, ਕਲਚਰਲ ਸੈਂਟਰ ਸਰੀ ਦੇ ਨੁਮਾਇੰਦੇ, ਨਕੋਈ ਦੇ ਸਾਬਕਾ ਪ੍ਰਧਾਨ ਕ੍ਰਿਸ਼ਨ ਸੋਨੀ, ਅਵਤਾਰ ਸਿੰਘ ਗੋਸਲ, ਇੰਡੀਆ ਕਲੱਬ ਦੇ ਆਰ. ਐਲ. ਕੋਛੜ ਤੇ ਪ੍ਰਧਾਨ ਅਨੰਦ ਅਟਲ ਸ਼ਾਮਲ ਸਨ। ਹੋਰ ਸਭਾ ਸੁਸਾਇਟੀਆਂ ਨੇ ਵੀ ਅਹਿਮ ਹਿਸਾ ਪਾਇਆ।

ਇਸ ਸਮਾਗਮ ਦੇ ਗੰਭੀਰ ਵਾਤਾਵਰਣ ਤੋਂ ਪਿਛੋਂ ਕਲਚਰਲ ਪ੍ਰੋਗਰਾਮ ਹੋਇਆ ਜਿਸ ਵਿਚ ਗੀਤ, ਸੰਗੀਤ, ਭੰਗੜਾ ਆਦਿ ਪੇਸ਼ ਕੀਤੇ ਗਏ।

ਸਮਾਗਮ ਦੀ ਖੂਬੀ ਇਹ ਸੀ ਕਿ ਹਾਲ ਵਿਚ ਖੜ੍ਹਨ ਲਈ ਕਿਤੇ ਵੀ ਥਾਂ ਨਹੀਂ ਸੀ ਹੈਲਾਂਕਿ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਹਰ ਜੋੜੇ ਲਈ 25 ਡਾਲਰ ਦੀ ਟਿਕਟ ਸੀ। ਬਹੁਤ ਸਾਰੇ ਲੋਕਾਂ ਨੂੰ ਵਾਪਸ ਮੁੜਨਾ ਪਿਆ ਕਿਉਂਕਿ 250 ਤੋਂ ਵੱਧ ਸੀਟਾਂ ਦਾ ਪ੍ਰਬੰਧ ਨਹੀਂ ਸੀ।



ਵੈਨਕੂਵਰ ਦੇ ਡਿਪਟੀ ਮੇਅਰ ਫਿਲਿਪ ਓਵਨ



ਬੀ. ਸੀ. ਵਿਚ ਐਮ. ਐਲ. ਏ ਮੋਅ ਸਹੋਤਾ



ਵੈਨਕੂਵਰ ਈਸਟ ਦੇ ਵਿਧਾਇਕ ਗਲਿਨ ਕਲਾਰਕ



ਵੈਨਕੂਵਰ ਸੈਂਟਰ ਦੇ ਐਮ. ਐਲ. ਏ. ਐਮਰੀ ਬਾਰਨਜ਼



ਰਿਚਮੰਡ ਦੀ ਭੰਗੜਾ ਕਲੱਬ ਦੇ ਮੈਂਬਰ

## ਸਰਹੱਦੀ ਗਾਂਧੀ ਨੂੰ ਸ਼ਰਧਾਂਜਲੀ

ਸਮਾਗਮ ਦਾ ਆਰੰਭ ਕਰਨ ਸਮੇਂ ਦੇਸ਼ ਦੀ ਵੰਡ ਦੇ ਕੱਟੜ ਵਿਰੋਧੀ ਸਰਹੱਦੀ ਗਾਂਧੀ ਖਾਨ ਅਬਦੁਲ ਗੁਫਾਰ ਖਾਂ ਦੀ ਮੌਤ ਉਤੇ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿਤੀ ਗਈ।

## ਇਹ ਸਮਾਗਮ ਕਿਉਂ ?

ਇਕ ਬੁਲਾਰੇ ਨੇ ਦੱਸਿਆ ਕਿ ਇਸ ਸਮਾਗਮ ਵਿਚ ਕੋਈ ਭਾਰਤੀ ਸਰਕਾਰ ਦਾ ਕਾਰਿੰਦਾ ਸ਼ਾਮਲ ਨਹੀਂ ਸੀ ਕਿਉਂਕਿ ਸਰਕਾਰੀ ਕਾਰਿੰਦਿਆਂ ਵਲੋਂ ਬਹੁਗਿਣਤੀ ਪੰਜਾਬੀ ਕਮਿਊਨਿਟੀ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਉਸ ਬੁਲਾਰੇ ਨੇ ਇਥੋਂ ਤੱਕ ਕਿਹਾ ਕਿ ਸਰਕਾਰੀ ਨੁਮਾਇੰਦਿਆਂ ਨੂੰ ਬਹੁਤ ਵਾਰੀ ਕਹੇ ਜਾਣ ਦੇ ਬਾਵਜੂਦ ਅਜਿਹੇ ਕੋਈ ਕਦਮ ਨਹੀਂ ਚੁਕੇ ਗਏ ਜਿਸ ਨਾਲ ਪੰਜਾਬੀ ਕਮਿਊਨਿਟੀ ਨੂੰ ਸਹੀ ਪ੍ਰਤੀਨਿਧਤਾ ਦਿਤੀ ਜਾਵੇ।

ਉਸ ਬੁਲਾਰੇ ਦਾ ਕਹਿਣਾ ਸੀ ਕਿ ਇਹ ਸਮਾਗਮ ਇਸ ਲਈ ਕੀਤਾ ਗਿਆ ਹੈ ਕਿ ਅਸੀਂ ਦੇਸ਼ ਦੀ ਏਕਤਾ ਦੇ ਸ਼ੁਭਚਿੰਤਕ ਹਾਂ ਤੇ ਦੇਸ਼ ਦੇ ਟੋਟੇ ਕਰਨ ਵਾਲੀਆਂ ਤਾਕਤਾਂ ਦੇ ਵਿਰੋਧੀ ਹਾਂ — ਉਹ ਤਾਕਤਾਂ ਚਾਹੇ ਅੰਦਰੂਨੀ ਹੋਣ ਜਾਂ ਬਾਹਰਲੀਆਂ ਹੋਣ। ਉਸ ਨੇ ਇਹ ਵੀ ਕਿਹਾ ਕਿ ਅਸੀਂ ਹਰ ਸਾਲ ਇਹ ਸਮਾਗਮ ਕਰਦੇ ਰਹੇ ਹਾਂ ਤੇ ਕਰਦੇ ਰਹਾਂਗੇ ਕਿਉਂਕਿ ਉਸ ਦੇਸ਼ ਦੀ ਆਜ਼ਾਦੀ ਤੇ ਏਕਤਾ ਲਈ ਸਾਡੇ ਬਜ਼ੁਰਗਾਂ ਨੇ ਅਥਾਹ ਕੁਰਬਾਨੀਆਂ ਦਿੱਤੀਆਂ ਹਨ।

ਪੰਨਾ 1 ਦੀ ਬਾਕੀ

ਵਾਂਗ ਦੋਸ਼ ਇਹ ਸੀ ਕਿ ਪ੍ਰਵਾਰ 'ਮੁਖਬਰੀ' ਕਰਦਾ ਸੀ।

## ਖੁਸ਼ੀ ਰਾਮ ਹਲਾਕ

ਲੁਧਿਆਣੇ ਵਿਚ ਦਹਿਸ਼ਤਗਰਦਾਂ ਨੇ ਭਾਰਤੀ ਜਨਤਾ ਪਾਰਟੀ ਦਾ ਸਕੱਤਰ ਖੁਸ਼ੀ ਰਾਮ ਹਲਾਕ ਕਰ ਦਿੱਤਾ। ਇਹ ਕਤਲ 20 ਜਨਵਰੀ ਨੂੰ ਕੀਤਾ ਗਿਆ। ਖੁਸ਼ੀ ਰਾਮ ਦੇ ਅੰਤਮ ਸਸਕਾਰ ਸਮੇਂ ਸ਼ਹਿਰ ਵਿਚ ਨੀਮ-ਫੌਜੀ ਦਸਤੇ ਤਾਈਨਾਤ ਕਰ ਦਿੱਤੇ ਗਏ। ਜਿਥੋਂ ਜਿਥੋਂ ਖੁਸ਼ੀ ਰਾਮ ਦੀ ਅਰਥੀ ਲੰਘਦੀ ਗਈ ਲੋਕ ਦੁਕਾਨਾਂ ਬੰਦ ਕਰਦੇ ਗਏ।

## ਅੰਮ੍ਰਿਤਸਰ ਵਿਚ ਦੋ ਔਰਤਾਂ ਕਤਲ

ਅੰਮ੍ਰਿਤਸਰ ਜ਼ਿਲੇ ਵਿਚ ਦੋ ਔਰਤਾਂ ਦੇ ਕਤਲ ਕੀਤੇ ਜਾਣ ਦੀ ਖਬਰ ਹੈ। ਅੰਮ੍ਰਿਤਸਰ ਦੇ ਐਸ ਐਸ ਪੀ ਇਜ਼ਹਾਰ ਆਲਮ ਨੇ ਕਿਹਾ ਕਿ ਦਹਿਸ਼ਤਗਰਦ ਏਨੇ ਅੰਨ੍ਹੇ ਹੋ ਚੁਕੇ ਹਨ ਕਿ ਬੱਚਿਆਂ ਅਤੇ ਔਰਤਾਂ ਨੂੰ ਵੀ ਕਤਲ ਕੀਤੇ ਜਾਣਾ ਹਰ ਰੋਜ਼ ਦਾ ਕਰਮ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਅਤੇ ਔਰਤਾਂ ਦੇ ਕਤਲਾਂ ਕਾਰਨ ਆਮ ਲੋਕਾਂ ਵਿਚ ਦਹਿਸ਼ਤਗਰਦਾਂ ਵਿਰੁਧ ਗੁੱਸਾ ਵੱਧ ਰਿਹਾ ਹੈ ਤੇ ਉਹ ਆਮ ਲੋਕਾਂ ਨਾਲੋਂ ਕੱਟੇ ਗਏ ਹਨ।

**BERNARD SIMPSON & COMPANY**

NO CHARGE
*for initial consultation*

Translation services available

• HANDLING CAR ACCIDENTS FOR OVER 15 YEARS

• CONTINGENCY FEES AVAILABLE
(IF NO RECOVERY NO LEGAL FEE)

• ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
• ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

PHONE (604) 734-2272

999 WEST BROADWAY, VANCOUVER, B.C.
*(SITUATED IN THE AUTOMOBILE ASSOCIATION BUILDING)*

PRACTICE **RESTRICTED** TO INJURIES SUFFERED DUE TO CAR ACCIDENTS (ICBC CLAIMS)

# ਅਮਰਿੰਦਰ ਤੇ ਇੱਕ ਕੇਂਦਰੀ ਮੰਤਰੀ ਅਮਰੀਕਾ ਵਿੱਚ ?

## ਖਾਲਿਸਤਾਨੀ ਸੰਸਥਾ ਨਾਲ ਵਿਚਾਰ ਵਟਾਂਦਰਾ ਹੋਵੇਗਾ ?

ਵੈਨਕੂਵਰ — ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਸਾਬਕਾ ਕਾਂਗਰਸੀ ਤੇ ਹੁਣ ਸਾਂਝੇ ਅਕਾਲੀ ਦਲ ਦਾ ਵਿਧਾਇਕ ਅਮਰਿੰਦਰ ਸਿੰਘ ਆਪਣੇ ਇਕ ਰਿਸ਼ਤੇਦਾਰ ਕੇਂਦਰੀ ਮੰਤਰੀ ਨਾਲ ਮਾਰਚ ਵਿਚ ਅਮਰੀਕਾ ਵਿਚ ਆ ਰਿਹਾ ਹੈ ਜਿਸ ਸਮੇਂ ਇਕ ਖਾਲਿਸਤਾਨੀ ਸੰਸਥਾ ਨਾਲ ਗੱਲਬਾਤ ਹੋਵੇਗੀ। ਅਮਰੀਕਾ ਤੇ ਕੈਨੇਡਾ ਹੱਦ ਨਾਲ ਲੱਗਦੇ ਇਕ ਸ਼ਹਿਰ ਵਿਚ ਹੁਣੇ ਤੋਂ ਹੋਟਲਾਂ ਦੇ ਕਮਰੇ ਬੁੱਕ ਕਰਵਾਏ ਜਾ ਰਹੇ ਹਨ।

ਜਿਸ ਖਾਲਿਸਤਾਨੀ ਸੰਸਥਾ ਨਾਲ ਗੱਲਬਾਤ ਹੋਣੀ ਹੈ ਉਸਦਾ ਆਗੂ ਵੀ ਪੁਰਾਣਾ ਕਾਂਗਰਸੀ ਹੈ ਤੇ ਇਕ ਸਾਬਕਾ ਰਾਸ਼ਟਰਪਤੀ ਨਾਲ ਉਸਦੇ ਬੜੇ ਨਜ਼ਦੀਕੀ ਸਬੰਧ ਰਹੇ ਹਨ। ਇਹ ਆਗੂ ਅੱਜ ਕੱਲ੍ਹ ਖਾਲਿਸਤਾਨ ਦਾ ਸਮਰਥਕ ਹੈ ਪਰ ਕਾਂਗਰਸੀ ਹਲਕਿਆਂ ਨਾਲ ਉਸਦੇ ਸਬੰਧ ਉਸੇ ਤਰ੍ਹਾਂ ਕਾਇਮ ਹਨ।

ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਅਸਲ ਵਿਚ ਬਦੇਸ਼ਾਂ ਵਿਚ ਖਾਲਿਸਤਾਨੀ ਲਹਿਰ ਚਲਾਉਣ ਵਾਲੇ ਬਹੁਤੇ ਲੋਕਾਂ ਦੇ ਸਬੰਧ ਕਾਂਗਰਸੀ ਲੀਡਰਾਂ ਨਾਲ ਹਨ। ਸਾਬਕਾ ਰਜਵਾੜਾ ਅਮਰਿੰਦਰ ਸਿੰਘ ਕਾਂਗਰਸ-ਅਕਾਲੀ ਕੋਲੀਸ਼ਨ ਦੀਆਂ ਸੰਭਾਵਨਾਵਾਂ ਉਤੇ ਮੁਖ ਮੰਤਰੀ ਬਣਨ ਦਾ ਚਾਹਵਾਨ ਦੱਸਿਆ ਜਾਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਈ ਵੀ ਏਸੇ ਕਾਰਨ ਕਰਵਾਈ ਗਈ ਸੀ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਤੇ ਅਮਰਿੰਦਰ ਸਿੰਘ ਨੂੰ ਡਿਪਟੀ ਮੁਖ ਮੰਤਰੀ ਲਿਆ ਜਾਵੇਗਾ ਪਰ ਬਾਦਲ ਇਨ੍ਹਾਂ ਦੀ ਚਾਲ ਨੂੰ ਸਮਝ ਗਿਆ ਤੇ ਉਸਨੇ ਮੁਖ ਮੰਤਰੀ ਬਣਨ ਤੋਂ ਇਨਕਾਰ ਕਰ ਦਿੱਤਾ।



ਅਮਰਿੰਦਰ ਸਿੰਘ

ਪੰਜਾਬ ਦੀ ਸਥਿਤੀ ਤੋਂ ਮਾਯੂਸ ਹੋ ਕੇ ਅਮਰਿੰਦਰ ਸਿੰਘ ਨੇ ਵਿਦੇਸ਼ੀ ਖਾਲਿਸਤਾਨੀਆਂ ਨਾਲ ਸੰਪਰਕ ਕੀਤਾ। ਕਿਉਂਕਿ ਪੰਜਾਬ ਨਾਲੋਂ ਇਹ ਲਹਿਰ ਵਿਦੇਸ਼ਾਂ ਵਿਚ ਸਰਮਾਏਦਾਰ ਸਿੱਖਾਂ ਦੇ ਬਲਬੂਤੇ ਉਤੇ ਖੜ੍ਹੀ ਹੈ, ਇਸ ਲਈ ਕੇਂਦਰ ਨਾਲ ਸਾਜ਼ਬਾਜ਼ ਵਿਚ ਇਨ੍ਹਾਂ ਨੂੰ ਸ਼ਾਮਲ ਕਰਨ ਬਾਰੇ ਵੀ ਸੋਚਿਆ ਜਾ ਰਿਹਾ ਹੈ। ਰਾਸ਼ਟਰਪਤੀ ਰਾਜ ਦੀ ਮਿਆਦ ਅਪਰੈਲ ਵਿਚ ਖਤਮ ਹੋਣੀ ਹੈ ਤੇ ਉਸ ਤੋਂ ਪਹਿਲਾਂ ਕੇਂਦਰ ਸਰਕਾਰ ਪੰਜਾਬ ਵਿਚ ਅਕਾਲੀ-ਕਾਂਗਰਸ ਕੋਲੀਸ਼ਨ ਸਰਕਾਰ ਬਨਾਉਣ ਲਈ ਰੁਚਿਤ ਹੈ।

## ਸਵੀਡਨ ਦਾ ਦੌਰਾ ਸਫ਼ਲ ਰਿਹਾ — ਰਾਜੀਵ

ਨਵੀਂ ਦਿੱਲੀ — ਗੁਟ-ਨਿਰਲੇਪ ਦੇਸ਼ਾਂ ਵਲੋਂ ਨੀਯਤ ਛੇ ਦੇਸ਼ਾਂ ਦੀ ਕਮੇਟੀ ਨੇ ਪ੍ਰਮਾਣੂ ਹਥਿਆਰਾਂ ਬਾਰੇ ਸੋਵੀਅਤ-ਅਮਰੀਕਾ ਸੰਧੀ ਨੂੰ ਭਵਿਖ ਲਈ ਚੰਗਾ ਕਦਮ ਕਹਿੰਦਿਆਂ ਚੀਨ, ਫਰਾਂਸ ਤੇ ਇੰਗਲੈਂਡ ਤੋਂ ਮੰਗ ਕੀਤੀ ਹੈ ਕਿ ਉਹ ਦੇਸ਼ ਪ੍ਰਮਾਣੂ ਸੰਧੀ ਉਤੇ ਦਸਤਖਤ ਕਰਕੇ ਇਸ ਪ੍ਰਮਾਣੂ ਦੌੜ ਨੂੰ ਘਟਾਉਣ। ਸਵੀਡਨ ਵਿਚ ਰਾਜੀਵ ਗਾਂਧੀ ਤਿੰਨ ਦਿਨ ਠਹਿਰਣ ਤੋਂ ਪਿਛੋਂ ਇਥੇ ਪਰਤੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜੀਵ ਗਾਂਧੀ ਨੇ ਕਿਹਾ ਕਿ ਉਨ੍ਹਾਂ [illegible]

# ਪੰਜਾਬ 'ਚ ਕਤਲਾਂ ਕਾਰਨ ਕੇਂਦਰ ਸਰਗਰਮ

## ਅਗਲੇ ਦਿਨਾਂ ਵਿਚ ਗੱਲਬਾਤ ਹੋਵੇਗੀ — ਬੂਟਾ ਸਿੰਘ

ਨਵੀਂ ਦਿੱਲੀ — ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਨੇ ਇਥੇ ਐਲਾਨ ਕੀਤਾ ਕਿ ਪੰਜਾਬ ਦੇ ਅਧਿਕਾਰੀਆਂ ਨਾਲ ਆਉਂਦੇ ਦਿਨਾਂ ਵਿਚ ਗੰਭੀਰ ਗੱਲਬਾਤ ਹੋਵੇਗੀ ਕਿਉਂਕਿ ਕੇਂਦਰ ਸਰਕਾਰ ਪੰਜਾਬ ਵਿਚ ਵੱਧ ਰਹੇ ਕਤਲਾਂ ਤੋਂ ਚਿੰਤਤ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਤੋਂ ਪਿਛੋਂ ਜੇਲ੍ਹਾਂ ਵਿਚ ਬੰਦ ਵਿਅਕਤੀਆਂ ਦੇ ਕੇਸਾਂ ਬਾਰੇ ਵੀ ਵਿਚਾਰ ਕੀਤੀ ਜਾਵੇਗੀ।

### ਸਰਗਰਮੀਆਂ ਵਧੀਆਂ

ਕੇਂਦਰ ਵਿਚ ਪੰਜਾਬ ਦੇ ਮਸਲੇ ਸੰਬੰਧੀ ਛੇਤੀ ਕਦਮ ਚੁਕੇ ਜਾਣ ਦੀ ਸੰਭਾਵਨਾ ਹੈ ਕਿਉਂਕਿ ਪਿਛਲੇ ਤਿੰਨ ਹਫਤਿਆਂ ਵਿਚ 100 ਤੋਂ ਵੱਧ ਵਿਅਕਤੀ ਕਤਲ ਹੋ ਚੁਕੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਵਿਚ ਤਬਦੀਲੀ ਦੀ ਗੱਲਬਾਤ ਚਲ ਰਹੀ ਹੈ। ਗੁਰਚਰਨ ਸਿੰਘ ਨਿਹਾਲਵਾਲਾ ਨੂੰ ਪ੍ਰਦੇਸ਼ ਕਾਂਗਰਸ ਦਾ ਆਗੂ ਥਾਪੇ ਜਾਣ ਬਾਰੇ ਚਰਚਾ ਵੀ ਕੇਂਦਰੀ ਹਲਕਿਆਂ ਵਿਚ ਚਲ ਰਹੀ ਹੈ।

## ਪਾਕਿਸਤਾਨ ਵਲੋਂ ਭਾਰਤੀ ਸਰਹੱਦਾਂ ਉਤੇ ਗੋਲਾਬਾਰੀ

ਜੰਮੂ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਪਿਛਲੇ ਤਿੰਨ ਦਿਨ ਤੋਂ ਪਾਕਿਸਤਾਨ ਵਲੋਂ ਜੰਮੂ-ਸ੍ਰੀਨਗਰ ਉਤੇ ਗੋਲਾਬਾਰੀ ਜਾਰੀ ਹੈ।

ਨੁਕਸਾਨ ਬਾਰੇ ਵੇਰਵੇ ਪ੍ਰਾਪਤ ਨਹੀਂ ਹੋਏ।

## ਰਾਮਾਚੰਦਰਨ ਨੂੰ 'ਭਾਰਤ ਭੂਸ਼ਨ'

ਨਵੀਂ ਦਿੱਲੀ — ਗਣਰਾਜ ਦਿਵਸ ਦੇ ਮੌਕੇ ਉਤੇ ਤਾਮਿਲਨਾਡ [illegible] ਐਵਾਰਡ ਦਿੱਤਾ ਗਿਆ ਹੈ।

## ਬਹਾਦਰ ਲੋਕਾਂ ਨੇ ਦਹਿਸ਼ਤਪਸੰਦ ਭਜਾ ਦਿਤੇ

ਅੰਮ੍ਰਿਤਸਰ — ਮਜੀਠਾ ਨੇੜੇ ਕੁਝ ਬਹਾਦਰ ਲੋਕਾਂ ਨੇ ਦਹਿਸ਼ਤਪਸੰਦਾਂ ਦਾ ਹਮਲਾ ਪਛਾੜ ਦਿੱਤਾ। ਪੁਲਸ ਨੇ ਕਿਹਾ ਕਿ ਦਹਿਸ਼ਤਪਸੰਦ, ਜਿਹੜੇ ਦੋ ਲੱਖ ਰੁਪਏ ਮੰਗ ਰਹੇ ਸਨ, ਨੇ ਦੁਕਾਨਦਾਰ ਲੇਖ ਰਾਜ ਉਤੇ ਉਸਦੇ ਘਰ ਵਿਚ ਲਗਪਗ ਸਾਢੇ ਛੇ ਵਜੇ ਹਮਲਾ ਕੀਤਾ ਲੇਖ ਰਾਜ ਉਸਦੇ ਭਰਾਵਾਂ ਤੇ ਇਲਾਕੇ ਦੇ ਕੁਝ ਹੋਰ ਲੋਕਾਂ ਨੇ ਜੁਆਬੀ ਫਾਇਰਿੰਗ ਕੀਤੀ। ਕੁਝ ਸਮੇਂ ਪਿਛੋਂ ਦਹਿਸ਼ਤਪਸੰਦ ਭੱਜਣ ਲਈ ਮਜ਼ਬੂਰ ਹੋ ਗਏ। ਜ਼ਿਲਾ ਪੁਲਸ ਮੁਖੀ ਇਜ਼ਹਾਰ ਆਲਮ ਨੇ ਇਲਾਕੇ ਦਾ ਦੌਰਾ ਕਰਕੇ ਬਹਾਦਰ ਲੋਕਾਂ ਨੂੰ ਸ਼ਾਬਾਸ਼ ਦਿੱਤੀ।

## ਭਾਰਤ ਦਾ 39ਵਾਂ ਗਣਰਾਜ ਦਿਵਸ

### ਜੈਵਰਧਨੇ ਮੁੱਖ ਮਹਿਮਾਨ ਵਜੋਂ ਪੁਜੇ

ਨਵੀਂ ਦਿੱਲੀ — ਭਾਰਤ ਦਾ 39ਵਾਂ ਗਣਰਾਜ ਦਿਵਸ ਇਥੇ ਮਨਾਇਆ ਗਿਆ ਜਿਸ ਵਿਚ ਸ੍ਰੀ ਲੰਕਾ ਦੇ ਰਾਸ਼ਟਰਪਤੀ ਸ੍ਰੀ ਜੈਵਰਧਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸੁਰੱਖਿਆ ਪ੍ਰਬੰਧ ਬਹੁਤ ਮਜ਼ਬੂਤ ਸਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਬੁਲਟ-ਪ੍ਰੂਫ ਕੈਬਿਨ ਵਿਚ ਸਨ।

ਦਸ ਹਜ਼ਾਰ ਤੋਂ ਵੱਧ ਪੁਲਸੀਏ ਅਤਿਵਾਦੀ ਕਾਰਿਆਂ ਤੋਂ ਡਰ ਕਾਰਨ ਉਥੇ ਤਾਈਨਾਤ ਸਨ। ਪਰੇਡ ਵਿਚ ਹਾਥੀ, ਬੱਚੇ ਤੇ ਤਿੰਨ ਸੇਵਾਵਾਂ ਦੀਆਂ ਟੁਕੜੀਆਂ ਸ਼ਾਮਲ ਸਨ।

### ਜੈਵਰਧਨੇ ਦਾ ਛੇ ਦਿਨ ਦਾ ਦੌਰਾ

ਸ੍ਰੀਲੰਕਾ ਦੇ ਰਾਸ਼ਟਰਪਤੀ ਗਣਰਾਜ ਦਿਵਸ ਦੀ ਪਰੇਡ ਦੇਖਣ ਤੋਂ ਪਿਛੋਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੇ ਰਾਸ਼ਟਰਪਤੀ ਸ੍ਰੀ ਵੈਂਕਟਰਮਨ ਨੂੰ ਮਿਲੇ। ਉਹ ਛੇ ਦਿਨ ਦੇ ਭਾਰਤ ਦੇ ਦੌਰੇ ਉਤੇ ਹਨ।


BOOK NOW — FLY LATER

GOYAL TRAVELS INC.

4152 FRASER ST., VANCOUVER, B.C. V5V 4E8

PHONE (604) 877—7777



IATA

ATAC

GOYAL TRAVEL & TOURS CANADA INC.

TORONTO
ਟਰਾਂਟੋ
SUITE 211, 593 YONGE ST.
TORONTO, ONT. M4Y 1Z4
PH. (416) 960-3666

CALGARY
ਕੈਲਗਰੀ
UNIT 1-5320-8th. AVE. S.E.
CALGARY, ALBERTA, T2A 4L7
PH. (403) 235-6808

EDMONTON
ਐਡਮਿੰਟਨ
9344 -34th. AVE., STRATHCONA SQUARE,
EDMONTON, ALTA. T6E 5X8
PH. (403) 462-2424

We offer Low Low Fares to:
New Delhi, Bombay, Calcutta, Madras, Cochin, Trivandrum, Columbo, Karachi, Lahore, Islamabad, Peshawar, Kathmandu & other destinations.

ASSOCIATED OFFICES IN INDIA
Jalandhar City: Opposite Nehru Gardens, G. T. Road, Ph. 77526
Moga: Court Rd. Ph. 2798
Jagraon: Court Rd. Ph. 252

WE ARE AUTHORIZED AGENTS FOR
JAPAN AIR LINES
Air Canada, Air India, Air France, British Airways, Canadian Pacific Airlines, KLM, Pan Am, Wardair & other major Airlines.

TOLL FREE IN B.C. ALBERTA, SASKATECHEWAN
and MANITOBA 1-800-663-8638

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਲੋਕ-ਬਾਣੀ

## ਕੇਂਦਰ ਵਿਚ ਕਾਂਗਰਸ ਦਾ ਬਦਲ

ਪਿਛਲੇ ਹਫ਼ਤੇ ਦੀਆਂ ਖਬਰਾਂ ਇਸ ਪੱਖੋਂ ਉਤਸ਼ਾਹ ਜਨਕ ਹਨ ਕਿ ਆਖਰ ਕੇਂਦਰ ਵਿਚ ਕਾਂਗਰਸੀ ਇਜਾਰੇਦਾਰੀ ਖਤਮ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ ਹਨ। ਜਨਤਾ ਪਾਰਟੀ ਤੇ ਜਨ ਮੋਰਚਾ ਵਲੋਂ ਖੱਬੇ-ਪੱਖੀ ਮੋਰਚੇ ਵਿਚ ਸ਼ਾਮਲ ਹੋਣਾ ਹੀ ਖੱਬੇ-ਪੱਖੀ ਪਾਰਟੀਆਂ ਲਈ ਉਤਸ਼ਾਹ ਵਾਲੀ ਗੱਲ ਨਹੀਂ ਸਗੋਂ ਚੰਦਰ ਸ਼ੇਖਰ ਅਤੇ ਵੀ. ਪੀ. ਸਿੰਘ ਵਰਗੇ ਲੀਡਰਾਂ ਵਲੋਂ ਖੱਬੇ-ਪੱਖੀ ਮੋਰਚੇ ਦੀ ਅਗਵਾਈ ਕਬੂਲ ਕਰਨਾ ਵਧੇਰੇ ਉਤਸ਼ਾਹ ਜਨਕ ਗੱਲ ਹੈ। ਖੱਬੇ-ਪੱਖੀ ਪਾਰਟੀਆਂ ਨੂੰ ਇਸ ਗੱਲ ਦਾ ਵੀ ਅਹਿਸਾਸ ਕਰਨਾ ਪਵੇਗਾ ਕਿ ਚੰਦਰ ਸ਼ੇਖਰ ਤੇ ਵੀ. ਪੀ. ਸਿੰਘ ਵਰਗੇ ਲੋਕ ਸਿਧਾਂਤਕ ਪੱਖੋਂ ਵੀ ਖੱਬੇ-ਪੱਖੀ ਪਾਰਟੀਆਂ ਦੀ ਅਗਵਾਈ ਕਬੂਲ ਕਰਨ।

ਭਾਰਤ ਦੇ 39ਵੇਂ ਗਣ-ਰਾਜ ਦਿਵਸ ਸਮੇਂ ਇਸ ਸਥਿਤੀ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਇਸ ਸਮੇਂ ਕਾਂਗਰਸ ਵਿਚ ਸਰਮਾਏਦਾਰ ਸ਼ਕਤੀਆਂ ਦਾ ਬੋਲਬਾਲਾ ਦੇਸ਼ ਨੂੰ ਨਿਘਾਰ ਵਲ ਲਈ ਜਾ ਰਿਹਾ ਹੈ। ਅਮੀਰੀ ਅਤੇ ਗਰੀਬੀ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ। ਕਾਂਗਰਸ ਵਲੋਂ ਫਿਰਕੂ ਤਾਕਤਾਂ ਨੂੰ ਉਤਸ਼ਾਹ ਦੇ ਕੇ ਦੇਸ਼ ਨੂੰ ਧਰਮ, ਜਾਤ ਅਤੇ ਫਿਰਕਿਆਂ ਦੇ ਆਧਾਰ ਉਤੇ ਵੰਡਣ ਨੂੰ ਤਰਜੀਹ ਦਿਤੀ ਜਾ ਰਹੀ ਹੈ ਕੁਰਪਸ਼ਨ ਦੇਸ਼ ਵਿਚ ਕੈਂਸਰ ਵਾਂਗ ਫੈਲ ਚੁਕੀ ਹੈ। ਵੱਖਵਾਦੀ ਤਾਕਤਾਂ ਸਾਮਰਾਜੀ ਸ਼ਕਤੀਆਂ ਦਾ ਦੂੰਬ ਛੱਲਾ ਬਣ ਕੇ ਦੇਸ਼ ਨੂੰ ਤਬਾਹੀ ਵੱਲ ਲਈ ਜਾ ਰਹੀਆਂ ਹਨ। ਸਮਾਜਵਾਦ ਦਾ ਫੋਕਾ ਨਾਅਰਾ ਬੇਅਸਰ ਹੋ ਚੁਕਾ ਹੈ।

ਖੱਬੇ-ਪੱਖੀ ਮੁਤਬਾਦਲ ਹੀ ਕਾਂਗਰਸ ਦੀਆਂ ਸਰਮਾਏਦਾਰ ਪਾਲਸੀਆਂ ਦਾ ਖੰਡਨ ਕਰਨ ਦੇ ਸਮਰਥ ਹੋ ਸਕਦਾ ਹੈ। ਭਾਰਤੀ ਜਨਤਾ ਪਾਰਟੀ, ਮੁਸਲਿਮ-ਲੀਗ ਤੇ ਦੇਸ਼ ਵਿਚ ਹੋਰ ਫਿਰਕੂ ਪਾਰਟੀਆਂ ਦਾ ਸਫ਼ਾਇਆ ਹੀ ਦੇਸ਼ ਦੀ ਏਕਤਾ ਦਾ ਜ਼ਾਮਨ ਬਣ ਸਕਦਾ ਹੈ। ਜਾਗੀਰਦਾਰੀ ਤੇ ਸਰਮਾਏਦਾਰੀ ਦਾ ਖਾਤਮਾ ਹੀ ਸਮਾਜਵਾਦ ਨੂੰ ਅਸਲ ਮਾਅਨਿਆਂ ਵਿਚ ਲਾਗੂ ਕਰਨ ਦਾ ਆਧਾਰ ਬਣ ਸਕਦਾ ਹੈ।

ਖੱਬੇ-ਪੱਖੀ ਮੋਰਚੇ ਲਈ ਸਿਧਾਂਤ ਦੀ ਪਕਿਆਈ ਮੁੱਖ ਸਵਾਲ ਹੋਵੇਗਾ ਕਿਸੇ ਵੀ ਅਜਿਹੀ ਰਾਜਸੀ ਪਾਰਟੀ ਨੂੰ ਮੋਰਚੇ ਵਿਚ ਸ਼ਾਮਲ ਨਾ ਕੀਤੇ ਜਾਵੇ ਜੋ ਖੱਬੇ-ਪੱਖੀ ਸਿਧਾਂਤਾਂ ਦੇ ਵਿਰੁਧ ਹੋਵੇ। ਹਾਲਾਤ ਸਾਜ਼ਗਰ ਹਨ। ਖੱਬੇ-ਪੱਖੀ ਪਾਰਟੀਆਂ ਪੱਛਮੀ ਬੰਗਾਲ, ਕੇਰਲਾ, ਤ੍ਰੀਪੁਰਾ ਆਦਿ ਵੀ ਸਰਕਾਰਾਂ ਚਲਾ ਰਹੀਆਂ ਹਨ। ਉਨ੍ਹਾਂ ਕੋਲ ਸਰਕਾਰ ਚਲਾਉਣ ਦੀ ਸਮਰਥਾ ਵੀ ਹੈ ਤੇ ਸ਼ਕਤੀ ਵੀ।

ਇਸ ਗਣਰਾਜ ਦਿਵਸ ਉਤੇ ਅਜਿਹੇ ਬਦਲ ਦੇ ਪੈਦਾ ਹੋਣ ਨੂੰ ਮੁਬਾਰਕ ਕਿਹਾ ਜਾਣਾ ਚਾਹੀਦਾ ਹੈ।

ਲਿੰਕਨ ਦੇ ਅਨੁਸਾਰ, "ਕੁਝ ਚਿਰ ਲਈ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ ਅਤੇ ਹਮੇਸ਼ਾ ਲਈ ਵੀ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ। ਪਰ ਹਮੇਸ਼ਾ ਲਈ ਹਰ ਕਿਸੇ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ।"

## 'ਸਿੱਖ ਤੇ ਮਾਸ'

ਮੋਹਰ ਸਿੰਘ ਸੰਧੂ ਜੀ,

'ਧਰਮ ਅਤੇ ਫ਼ਲਸਫ਼ਾ' ਦੇ ਮਜਮੂਨ ਹੇਠ ਤੁਹਾਡਾ ਆਰਟੀਕਲ 'ਸਿੱਖ ਅਤੇ ਮਾਸ' ਦੀ ਦੂਜੀ ਕਿਸ਼ਤ ਪੜੀ। ਜਿਵੇਂ ਕਿ ਤੁਸੀਂ ਸ਼ੁਰੂ ਵਿਚ ਲਿਖਿਆ ਹੈ ਕਿ ਕੋਈ ਭੁੱਲੜ ਭਰਾ ਮਾਸ ਖਾਣ ਵਾਲਿਆਂ ਨੂੰ ਰਾਖਸ਼ ਆਖ ਦਿੰਦਾ ਹੈ ਤੇ ਭਾਰੀ ਗਲਤੀ ਕਰਦਾ ਹੈ। ਇਵੇਂ ਹੀ ਮੈਂ ਲਿਖਦਾ ਹਾਂ ਕੋਈ ਭੁੱਲੜ ਭਰਾ ਬਾਣੀ ਦਾ ਹਵਾਲਾ ਦੇ ਕੇ ਮਾਸ ਖਾਣ ਦਾ ਜ਼ਿਕਰ ਕਰ ਦਿੰਦਾ ਹੈ ਤੇ ਭਾਰੀ ਗਲਤੀ ਕਰਦਾ ਹੈ। ਸਿਰਲੇਖ ਹੁੰਦਾ ਹੈ 'ਸਿੱਖ ਅਤੇ ਮਾਸ' ਤੇ ਹਵਾਲੇ ਹੁੰਦੇ ਹਨ 'ਅੰਗਰੇਜ ਤੇ ਮਾਸ' ਜਾਂ 'ਸਰ ਜਗਦੀਸ਼ ਚੰਦਰ ਬੋਸ ਤੇ ਮਾਸ' ਤੇ ਤੁਛ ਬੁੱਧੀ ਨਾਲ ਗੁਰਬਾਣੀ ਦੇ ਵੀ ਹਵਾਲੇ ਬੜੇ ਵਧੀਆ ਦਿੱਤੇ ਹੁੰਦੇ ਹਨ। ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1289 ਦੇ ਇਕ ਸ਼ਬਦ ਦਾ ਹਵਾਲਾ ਹੈ ਜਿਸ ਦੀਆਂ ਤੁਕਾਂ :— ਮਾਸਹੁ ਹੀ ਮਾਸ ਉਪਜੈ, ਮਾਸਹੁ ਸਭੈ ਸਾਕੁ। ਜਿਸ ਦਾ ਅਰਥ ਕਿ ਇਕ ਮਾਸ ਤੋਂ ਹੀ ਸਭ ਮਾਸ ਉਪਜਿਆ ਹੈ ਤੇ ਸਭ ਮਾਸ ਵਾਲੇ ਜੀਵ ਜੰਤੂ ਆਪਣੇ ਸਾਕ ਸਬੰਧੀ ਹਨ। ਸੋ ਆਪਣੇ ਸਾਕ ਸਬੰਧੀਆਂ ਨੂੰ ਕੱਟ, ਵੱਢ ਕੇ ਤੇ ਰਿੰਨ ਕੇ ਖਾਣਾ ਰਾਖਸ਼ਾਂ ਦਾ ਕੰਮ ਹੈ ਜਾਂ ਮਨੁੱਖਾਂ ਦਾ। ਤੇ ਫੇਰ ਤੁਹਾਨੂੰ ਇਹ ਵੀ ਪਤਾ ਹੋਵੇ ਕਿ ਇਹ ਸ਼ਬਦ ਦੀ ਗੁਰੂ ਨਾਨਕ ਦੇਵ ਜੀ ਨੇ ਕਦ ਤੇ ਕਿਥੇ ਸਿਰਜਣਾ ਕੀਤੀ। ਇਹ ਸ਼ਬਦ ਗੁਰੂ ਨਾਨਕ ਦੇਵ ਜੀ ਨੇ ਕੁਰਕਸ਼ੇਤਰ ਵਿਚ ਸੂਰਜ ਗ੍ਰਹਿਣ ਵਾਲੇ ਦਿਨ ਕੀਤੀ। ਤੇ ਇਸ ਸ਼ਬਦ ਰਾਹੀਂ ਪੰਡਤਾਂ ਨੂੰ ਇਹ ਉਪਦੇਸ਼ ਦਿੱਤਾ ਕਿ ਮਾਸ ਖਾਣਾ ਮੂਲੋਂ ਹੀ ਰਾਖਸ਼ ਖਾਣਾ ਹੈ।

ਆਪਿ ਛੁਟੇ ਨਹਿ ਛੁਟੀਐ, ਨਾਨਕ ਬਚਨਿ ਵਿਣਾਸੁ ॥

ਤੇ ਪੰਡਤਾਂ ਨੂੰ ਇਹ ਆਖਿਆ ਕਿ ਆਪ ਤਾਂ ਤੁਸੀਂ ਇਸ ਨੂੰ ਖਾਣਾ ਨਹੀਂ ਛੱਡਦੇ ਤੇ ਲੋਕਾਂ ਨੂੰ ਬਚਨਿ ਵਿਣਾਸੁ ਕਰਦੇ ਹੋ। ਤੇ ਇਹੀ ਸ਼ਬਦ ਦੀ ਲੜੀ ਫੇਰ ਅੱਗੇ ਤੁਰਦੀ ਹੈ

ਮਾਸੁ ਮਾਸੁ ਕਰਿ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ ॥

— — — — — — — — — — — — — — —

ਏਤੇ ਰਸ ਛੋਡਿ ਹੋਵੈ ਸਨਿਆਸੀ ਨਾਨਕ ਕਹੈ ਵੀਚਾਰਾ ॥

ਸੋ ਇਸ ਅੰਤਮ ਤੁੱਕ ਦਾ ਅਰਥ ਤਾਂ ਸਧਾਰਣ ਮਨੁੱਖ ਵੀ ਕਰ ਸਕਦਾ ਹੈ ਤੁਸੀਂ ਤਾਂ ਫਿਰ ਸਮਝਦਾਰ ਸੀ। ਕਿ ਇਸ ਤੁਕ ਵਿਚ ਇਹ ਰਸ ਛੱਡਣ ਲਈ ਆਖਿਆ ਗਿਆ ਹੈ ਜਾਂ ਇਸ ਨੂੰ ਖਾਣ ਲਈ। ਨਾਨਕ ਦੁਆਲੇ ਚੜੀ ਪੰਡਤਾਂ ਦੀ ਭੀੜ 'ਚੋਂ ਪੰਡਤ ਨਾਨੂੰ ਨੇ ਵੀ ਇਸੇ ਤੁੱਕ ਦਾ ਹਵਾਲਾ ਦਿੱਤਾ ਸੀ ਤੇ ਆਖਿਆ ਸੀ ਕਿ ਫਿਰ ਤੁਸੀਂ ਆਹ ਮਾਸ ਕਿਉਂ ਰਿੰਨ ਰਹੇ ਹੋ (ਕੁਰਕਸ਼ੇਤਰ 'ਚ ਸੂਰਜ ਗ੍ਰਹਿਣ ਵਾਲੇ ਦਿਨ ਗੁਰੂ ਨਾਨਕ ਦੀ ਮਾਸ ਰਿੰਨਣ ਵਾਲੀ ਸਾਖੀ ਆਮ ਪ੍ਰਚਲਤ ਹੈ) ਤਦ ਗੁਰੂ ਨਾਨਕ ਦੇਵ ਜੀ ਨੇ ਇਸੇ ਸ਼ਬਦ ਨੂੰ ਅੱਗੇ ਤੋਰਿਆ ਸੀ ....

ਸੁਨ ਕਰ ਬੋਲੇ ਗਹਿਰ ਗੰਭੀਰਾ ॥ ਹਮ ਤੋ ਧਰਯੋ ਦੇਗ ਮਹਿ ਖੀਰਾ ॥
ਬਹੁਤ ਧੇਨੁ ਦੁਆਈ ਮੰਗਵਾਈ ॥ ਰੀਧਹਿ ਪਾਇਸ ਕੋ ਇਹ ਥਾਈ ॥
ਬਿਮਲ ਭਯੋ ਰਵ ਲਯੋ ਜੋ ਗ੍ਰਾਹੀ ॥ ਅਬ ਸਭ ਭੋਜਨ ਕਰੋ ਇਯਾਹੀ ॥

— — — — — — — — — — — — — — —

ਇਹ ਸੁਣ ਕੇ ਤੇ ਖੀਰ ਛਕ ਕੇ ਪੰਡਤ ਨਾਨੂੰ ਨਾਨਕ ਦਾ ਸਿੱਖ ਬਣਿਆ। ਮਾਸ ਖਾਣਾ ਤਿਆਗਿਆ ਤੇ ਲੋਕਾਂ ਨੂੰ ਵੀ ਇਹੋ ਉਪਦੇਸ਼ ਕੀਤਾ।

ਆਓ ਹੁਣ ਤੁਹਾਡੀ ਕਿਸ਼ਤ ਦੀ ਲੜੀ ਨੂੰ ਅੱਗੇ ਤੋਰੀਏ। ਅੱਗੇ ਦਿੱਤੇ ਸ਼ਲੋਕਾਂ ਦੇ ਹਵਾਲੇ ਸਾਨੂੰ ਬਿਲਕੁਲ ਹੀ ਇਹ ਨਹੀਂ ਆਖਦੇ ਕਿ ਮਾਸ ਖਾਵੋ। ਮਾਸ ਦਾ ਤਾਂ ਉਨ੍ਹਾਂ ਵਿਚ ਜ਼ਿਕਰ ਹੀ ਨਹੀਂ ਕੀਤਾ ਗਿਆ। ਗੁਰੂ ਨਾਨਕ ਦੇ ਧਰਮ ਦੇ ਸਾਂਝੇ ਉਪਦੇਸ਼ ਦਾ ਮਤਲਬ ਸਿਰਫ ਮਾਸ ਨੂੰ ਛੁਡਵਾਉਣ ਦਾ ਹੀ ਨਹੀਂ ਸੀ ਸਗੋਂ ਹੋਰ ਵੀ ਬਹੁਤ ਕੁਝ ਕਰਨ ਲਈ ਵੀ ਸੀ। ਜਿਵੇਂ ਕਿ ਭੈਰਉ ਮ: 5

ਪ੍ਰਥਮੇ ਛੋਡਿ ਪਰਾਈ ਨਿੰਦਾ ॥ ---------
------- ਹਰਿ ਹਰਿ ਨਾਮ ਜਪੈ ਜਨੁ ਸੋਇ ॥

ਤੁਸੀਂ ਇਸ ਸ਼ਬਦ ਦਾ ਹਵਾਲਾ ਉਸ ਥਾਂ ਦੇ ਸਕਦੇ ਹੋ ਜਿਥੇ ਕਿਸੇ ਨੂੰ ਨਿੰਦਿਆ ਛੱਡਣ ਦਾ ਉਪਦੇਸ਼ ਹੋਵੇ ਨਾ ਕਿ ਜਿਥੇ ਮਾਸ ਛੱਡਣ ਦੀ ਗੱਲ ਚੱਲ ਰਹੀ ਹੋਵੇ।

ਅੱਗੇ ਚੱਲ ਕੇ ਤੁਸੀਂ ਗਾਉੜੀ ਮ: 5 ਦੀ ਉਦਾਹਰਣ ਦਿੱਤੀ ਹੈ :—
ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰ ਬ੍ਰਹਮ ਬਿਨ ਜਾਣ ਨਾ ਦੂਜਾ ॥
ਇਥੇ ਕਰਮ, ਧਰਮ ਨੇਮ ਬ੍ਰਤ ਤੇ ਪੂਜਾ ਸਭ ਨੂੰ ਭੁੱਲ ਕੇ ਪਾਰਬ੍ਰਹਮ 'ਚ ਜੋਤੀ ਜੋਤ ਸਮਾਣ ਲਈ ਆਖਿਆ ਗਿਆ ਹੈ।

ਮਹੱਤਵਪੂਰਣ ਤਾਂ ਗੱਲ ਇਹ ਹੈ ਕੋਈ ਵੀ ਸਾਹਿਤਕਾਰ ਆਪਣੇ ਸਾਰੇ ਵਿਚਾਰ ਇਕੋ ਬੰਦ ਵਿਚ ਨਹੀਂ ਦਰਸਾ ਸਕਦਾ। ਸੋ ਤੁਸੀਂ ਇਨਾ ਗੁਰਬਾਣੀ ਦੇ ਛੋਟੇ ਛੋਟੇ ਬੰਦਾਂ ਨੂੰ ਸਾਰੇ ਪਾਸੇ ਨਾ ਘੜੀਸੋ। ਇਹਨਾਂ ਵਿਚ ਜਿਸ ਬੁਰਿਆਈ ਨੂੰ ਤਿਆਗਣ ਲਈ ਆਖਿਆ ਗਿਆ ਹੈ ਉਸੇ ਦੇ ਸਿਰਲੇਖ ਹੇਠ ਲਿਖੋ।

ਹਾਂ ਜੇਕਰ ਤੁਸੀਂ ਮਾਸ ਖਾਣਾ ਹੀ ਹੈ ਤਾਂ ਜੀ ਸਦਕੇ ਖਾਵੋ ਪਰ ਇਹ ਨਾ ਆਖੋ ਕਿ ਸਿੱਖਾਂ ਨੂੰ ਗੁਰਬਾਣੀ ਮਾਸ ਖਾਣ ਲਈ ਨਹੀਂ ਰੋਕਦੀ। ਜੇਕਰ ਤੁਸੀਂ ਲੋਕਾਂ ਨੂੰ ਮਾਸ ਖਾਣ ਲਈ ਪ੍ਰੇਰਨਾ ਹੈ ਤਾਂ ਆਪਣੇ ਲੇਖ ਦਾ ਸਿਰਲੇਖ ਬਦਲ ਲਵੋ। ਜੇਕਰ ਗੁਰਬਾਣੀ ਦੇ ਹਵਾਲੇ ਦੇਣੇ ਹਨ ਤਾਂ ਪਹਿਲਾਂ ਰਹਿਤਨਾਮਾ ਭ: ਚਾਉਪਾ ਸਿੰਘ ਜੀ, ਭ: ਦੇਸਾ ਸਿੰਘ ਜੀ ਤੇ ਰਹਿਤਨਾਮਾ ਭਾ: ਦਯਾ ਸਿੰਘ ਜੀ ਪੜ੍ਹ ਲਵੋ। ਹਾਂ ਜੇਕਰ ਗੁਰਬਾਣੀ ਦੇ ਵੀ ਹਵਾਲੇ ਦੇਣੇ ਹੋਣ ਤਾਂ ਕਿਸੇ ਦਲੀਲ ਤੇ ਪੂਰੇ ਉਤਰਦੇ ਹੋਣ ਨਾ ਕਿ ਪੰਨਾ 1289 ਦੇ ਹਵਾਲੇ ਵਾਂਗ ਆਪਣੇ ਜਾਲ ਵਿਚ ਆਪ ਹੀ ਉਲਝ ਜਾਵੋ। ਤੇ ਹੁਣ ਤੁਹਾਡੀ ਅਗਲੀ ਕਿਸ਼ਤ ਦੀ ਉਡੀਕ 'ਚ ....

ਜੋ ਕਰੈ ਰਿਆਜ਼ਤ ਬੰਦਗੀ, ਤਿਨਾ ਮਾਸ ਨਾ ਪਾਕ।
ਸਭਨਾ ਅੰਦਰ ਰਮ ਰਿਹਾ, ਹਰਦਮ ਸਾਹਿਬ ਆਪਿ ॥
(ਜਨਮ ਸਾਖੀ ਭਾਈ ਬਾਲਾ)

ਜਗਦੀਸ਼ ਗਰੇਵਾਲ,
ਕਲੀਅਰਬਰੁੱਕ, ਬੀ. ਸੀ.

## ਅਸਲੀਅਤ ਦੀ ਝਲਕ

ਸੰਪਾਦਕ ਜੀ,

ਆਪਜੀ ਦਾ ਇਹ ਪੇਪਰ ਮੈਂ ਪਿਛਲੇ ਦੋ ਸਾਲ ਤੋਂ ਪੜ੍ਹਦਾ ਆ ਰਿਹਾ ਹਾਂ। ਜਿਹੜੀ ਅਸਲੀਅਤ ਦੀ ਝਲਕ ਇਸ ਪੇਪਰ ਵਿਚੋਂ ਨਜ਼ਰ ਆਈ, ਉਹ ਕਿਸੇ ਹੋਰ ਪੇਪਰ ਵਿਚੋਂ ਨਹੀਂ। ਇਸ ਕਰਕੇ ਹੀ ਮੈਂ ਇਹ ਪੇਪਰ ਇਕ ਸਾਲ ਵਾਸਤੇ ਲਗਵਾ ਰਿਹਾ ਹਾਂ। ਇਸ Letter ਦੇ ਨਾਲ ਮੈਂ 25 ਡਾਲਰ ਦਾ ਚੈਕ ਭੇਜ ਰਿਹਾ ਹਾਂ। ਜਿੰਨੀ ਜਲਦੀ ਹੋ ਸਕੇ ਪੇਪਰ ਭੇਜਣ ਦੀ ਕੋਸ਼ਿਸ਼ ਕਰਨੀ —।

ਆਪਜੀ ਦਾ ਦਾਸ
ਜੈਮਲ ਸਿੰਘ ਧੂਤ, ਕਲੋਨਾ, ਬੀ. ਸੀ.

## ਲੇਖ ਭੇਜਾਂਗਾ

ਪਿਆਰੇ ਦਰਸ਼ਨ ਗਿੱਲ ਜੀਓ,

ਮਿੱਠੀ ਯਾਦ !

ਆਸ ਹੈ ਤੁਸੀਂ ਖੁਸ਼ਬਾਸ਼ ਹੋਵੋਗੇ। ਮੇਰਾ ਭੇਜਿਆ ਨਵੇਂ ਸਾਲ ਦਾ ਕਾਰਡ ਮਿਲ ਗਿਆ ਹੋਵੇਗਾ। ਇਸ ਸਾਲ ਦਾ ਪਹਿਲਾ ਪੱਤਰ ਤੁਹਾਨੂੰ ਲਿਖ ਰਿਹਾ ਹਾਂ। ਇਸ ਪੱਤਰ ਦੇ ਨਾਲ ਅਖਬਾਰ ਦੀਆਂ cuttings ਭੇਜ ਰਿਹਾ ਹਾਂ, ਜੇ ਠੀਕ ਸਮਝੋ ਤਾਂ use ਕਰ ਲੈਣਾ। ਕੁਝ ਦਿਨਾਂ ਤੋਂ ਬਾਦ ਇਕ ਲੇਖ ਵੀ ਛਪਣ ਲਈ ਭੇਜਾਂਗਾ। ਇਸ਼ਤਿਹਾਰ ਤੁਸੀਂ ਬੜੇ ਚੰਗੇ ਢੰਗ ਨਾਲ ਛਾਪਿਆ ਹੈ। ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ। ਜੇ ਠੀਕ ਸਮਝੋ ਤਾਂ ਇਸ਼ਤਿਹਾਰ ਚਾਰ ਵਾਰ ਹੋਰ ਲਾ ਦੇਣਾ।

ਤੁਹਾਡਾ ਆਪਣਾ
ਮਿਤਰ ਰਾਸ਼ਾ, ਅਟਵਾ, ਓਨਟੈਰੀਓ

Immigration and Citizenship Matters
JAMES SUE & COMPANY
Immigration Advocates

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

ਸਪੇਸ਼ਲ ਅਨਾਊਂਸਮੈਂਟ

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੇਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

If you need help and require updated information — Contact :
BABU JIM NARAIN of James, Sue & Company who has 18 years of experience on Immigration and Citizenship matters with top Immigration Lawyers.

Tel: Off.
324-9441

5024 Victoria Drive, Vancouver, B.C. V5P 3T8

## ਸੰਪੂਰਨ ਪਾਠ ਦੀਆਂ ਟੇਪਾਂ

ਸੰਪਾਦਕ ਜੀ,

ਵੀਡੀਓ ਸ਼ਾਪ ਵਾਲਿਆਂ ਦੀ ਇਕ ਐਡ ਪੜ੍ਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਮੁਕੰਮਲ ਪਾਠ 50 ਟੇਪਾਂ ਵਿਚ ਉਹ ਵੇਚ ਰਹੇ ਹਨ।

ਮੇਰੇ ਕੋਲ ਸੰਪੂਰਣ ਪਾਠ ਕੇਵਲ 35 ਟੇਪਾਂ ਵਿਚ ਤਿਆਰ ਕੀਤਾ ਪਿਆ ਹੈ !

ਤੁਹਾਨੂੰ ਖੇਚਲ ਦੇ ਰਿਹਾਂ ਕਿ ਕੋਈ ਵੀ ਵੀਡੀਓ ਡੀਲਰ ਖ਼੍ਰੀਦਣਾ ਚਾਹੇ ਪੂਰਾ ਸੈਟ ਮੈਂ 120 ਦਾ ਦੇ ਦੇਵਾਂਗਾ।

ਵਿਸ਼ੇਸ਼ਤਾ ਇਹ ਹੈ ਕਿ ਸਾਰਾ ਪਾਠ ਸੁਨਣ ਵਾਲੇ ਨੂੰ ਚੰਗੀ ਤਰ੍ਹਾਂ ਸਮਝ ਆਵੇਗਾ।

ਹਰਭਜਨ ਸਿੰਘ ਦਿਓਲ
P.O.BOX 1293
OLIVER, B.C. V0H 1T0
PHONE (604) 498 - 6757

## ਕਵਿਤਾਵਾਂ ਭੇਜ ਰਿਹਾਂ

ਪਿਆਰੇ ਵੀਰ ਦਰਸ਼ਨ,

ਮੁੱਦਤ ਹੋ ਗਈ ਹੈ ਤੈਨੂੰ ਕੁਝ ਲਿਖ ਭੇਜਣ ਲਈ ਕੋਸ਼ਿਸ਼ ਕਰਦਿਆਂ। ਸੁਰਜੀਤ ਦੀ ਦਸਵੀਂ ਪੁਸਤਕ 'ਪਿਛਲਾ ਪਹਿਰ' ਮਿਲੀ ਹੈ — ਦੋ ਗ਼ਜ਼ਲਾਂ ਫੋਟੋ ਕਾਪੀ ਕਰਕੇ ਭੇਜ ਰਿਹਾਂ ਦੋ ਆਪਣੀਆਂ ਕਵਿਤਾਵਾਂ ਭੇਜ ਰਿਹਾਂ। ਕਲਮ ਜਾਂ ਕਨੇਡਾ ਦਰਪਣ 'ਚ ਛਾਪ ਲੈਣਾ। ਤੇਰੇ ਪਰਚੇ ਦੇ ਅੰਗਰੇਜ਼ੀ ਵਾਲੇ ਪੰਨੇ ਬਹੁਤ ਅਸਰਦਾਰ ਨੇ ਚਾਲੂ ਰੱਖੋ।

ਸ਼ੁਭ ਇਛਾਵਾਂ ਨਾਲ

ਤੁਹਾਡਾ ਹਿਤੂ
"ਜੀਵਨ" ਰਾਮਪੁਰੀ, ਡੰਕਨ

## ਪਰਚਾ ਭੇਜੋ

ਸ਼੍ਰੀਮਾਨ ਐਡੀਟਰ ਸਾਹਿਬ ਜੀ,

ਸਤਿ ਸ੍ਰੀ ਅਕਾਲ

ਮੈਂ ਆਪ ਹੋਰਾਂ ਨੂੰ ਕੈਨੇਡਾ ਦਰਪਣ ਪਰਚੇ ਲਈ ਚੰਦਾ 25 ਡਾਲਰ ਭੇਜ ਰਿਹਾ ਹਾਂ। ਕ੍ਰਿਪਾ ਕਰਕੇ ਪੁਜਣ ਤੇ ਪਰਚਾ ਭੇਜਣ ਦੀ ਕ੍ਰਿਪਾਲਤਾ ਕਰਨੀ।

ਸਾਥ ਹੀ ਆਪ ਜੀ ਨੂੰ ਇਹ ਭੀ ਬੇਨਤੀ ਕਰਨੀ ਜ਼ਰੂਰੀ ਸਮਝਦਾ ਹਾਂ ਕਿ ਅਗੇ ਮੈਨੂੰ ਆਪ ਵਲੋਂ ਕਦੇ ਭੀ ਹਰ ਹਫਤੇ ਨਹੀਂ ਆਉਂਦਾ ਰਿਹਾ। ਜੇ ਆਉਂਦਾ ਸੀ ਤਾਂ ਇਕ ਮਹੀਨਾ ਜਾਂ ਦੋ ਹਫਤੇ ਪਿਛਲਾ ਹੀ ਆਇਆ ਸੀ। ਜਿਸ ਦਾ ਮੈਨੂੰ ਬਹੁਤ ਹੀ ਅਫਸੋਸ ਹੈ। ਹੁਣ ਮੈਂ ਆਸ ਕਰਦਾ ਹਾਂ ਕਿ ਆਪ ਇਸ ਵਾਰ ਇਸ ਗੱਲ ਤੇ ਜ਼ਰੂਰ ਧਿਆਨ ਦਿੰਦੇ ਹੋਏ ਪਰਚਾ ਹਰ ਹਫਤੇ ਸੈਹੌਈ ਭੇਜਣ ਦੀ ਕਿਰਪਾਲਤਾ ਕਰੋਗੇ। ਧੰਨਵਾਦੀ ਹੋਵਾਂਗਾ।

ਆਪਦੇ ਸ਼ੁਭ ਇਛਕ
ਕੇਸਰ ਸਿਘ ਢਿੱਲੋਂ

# ਵਿਚੋਲਗਿਰੀ ਇੱਕਾ ਆਗੂਆਂ ਲਈ ਮਾਰੂ ਸਾਬਤ ਹੋਈ

ਨਵੀਂ ਦਿੱਲੀ — ਕਾਂਗਰਸ (ਇ) ਦੇ ਦੋ ਸੀਨੀਅਰ ਨੇਤਾਵਾਂ ਦੇ ਅਤਿਵਾਦੀਆਂ ਧੜੇ ਨਾਲ ਸੰਪਰਕ ਉਹਨਾ ਲਈ ਘਾਤਕ ਸਿੱਧ ਹੋਏ ਹਨ। ਦੱਸਿਆ ਜਾਂਦਾ ਹੈ ਕਿ ਪੰਜਾਬ ਦੇ ਦੋ ਸਾਬਕਾ ਮੰਤਰੀ ਸ੍ਰੀ ਜਗਤ ਰਾਮ ਅਤੇ ਤਿਰਲੋਚਨ ਸਿੰਘ ਰਿਆਸਤੀ ਰਾਜ ਵਿਚ ਅਮਨ ਕਾਇਮ ਕਰਨ ਲਈ ਅਤਿਵਾਦੀਆਂ ਦੇ ਇਕ ਧੜੇ ਨਾਲ ਗੁਪਤ ਵਾਰਤਾ ਕਰ ਰਹੇ ਸਨ। ਇਸ ਗੱਲਬਾਤ ਨੂੰ ਅਸਫਲ ਕਰਨ ਲਈ ਅਤਿਵਾਦੀਆਂ ਦੇ ਇਕ ਵਿਰੋਧੀ ਧੜੇ ਨੇ ਇਹਨਾਂ ਦੋਹਾਂ ਨੇਤਾਵਾਂ ਦੀ ਹਤਿਆ ਕਰ ਦਿੱਤੀ।

ਕਿਹਾ ਜਾਂਦਾ ਹੈ ਕਿ ਸ੍ਰੀ ਜਗਤਰਾਮ ਦੀ ਵਿਚੋਲਤਾ ਰਾਹੀਂ ਕੇਂਦਰ ਅਤਿਵਾਦੀਆਂ ਦੇ ਇਕ ਧੜੇ ਨਾਲ ਗੁਪਤ ਵਾਰਤਾ ਚਲਾ ਰਿਹਾ ਸੀ। ਯਾਦ ਰਹੇ ਕਿ ਚੌ: ਜਗਤ ਰਾਮ ਦੇ ਲੜਕੇ ਤੇ ਅਤਿਵਾਦੀਆਂ ਨੂੰ ਬੋਗਸ ਪਾਸਪੋਰਟ ਤੇ ਵਿਦੇਸ਼ ਭੇਜਣ ਦੇ ਸਿਲਸਿਲੇ ਵਿਚ ਚੰਡੀਗੜ੍ਹ ਵਿਚ ਮੁਕਦਮਾ ਚਲ ਰਿਹਾ ਹੈ।

ਇਹ ਵੀ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਦੀ ਇਕ ਏਜੰਸੀ ਵਲੋਂ ਸਾਬਕਾ ਮੰਤਰੀ ਸ੍ਰੀ ਤਿਰਲੋਚਨ ਸਿੰਘ ਰਿਆਸਤੀ ਦੇ ਰਾਹੀਂ ਗੁਪਤ ਵਾਰਤਾ ਚਲਾਈ ਜਾ ਰਹੀ ਸੀ। ਇਸ ਤੋਂ ਪਹਿਲੇ ਸ੍ਰੀ ਰਿਆਸਤੀ ਨੇ ਸੁਸ਼ੀਲ ਮੁਨੀ ਦੀ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਨਾਲ ਗਲਬਾਤ ਸ਼ੁਰੂ ਕਰਾਉਣ ਵਿਚ ਰੋਲ ਅਦਾ ਕੀਤਾ ਸੀ ਜਿਸ ਨੂੰ ਅਤਿਵਾਦੀਆਂ ਦੇ ਇਕ ਧੜੇ ਨੇ ਸਖਤ ਨਾ ਪਸੰਦ ਕੀਤਾ ਸੀ। ਕਿਹਾ ਜ਼ਾਂਦਾ ਹੈ ਕਿ ਜਦ ਸ੍ਰੀ ਰਿਆਸਤੀ ਦੀ ਹਤਿਆ ਕੀਤੀ ਗਈ ਤਾਂ ਉਹ ਖਾਲਿਸਤਾਨ ਪ੍ਰੀਸ਼ਦ ਦੇ ਇਕ ਮੈਂਬਰ ਨਾਲ ਮਿਲਣ ਗਏ ਸਨ।

ਪੰਜਾਬ ਪੁਲਸ ਅਜੇ ਤੱਕ ਇਹ ਸੂਹ ਨਹੀਂ ਲਗਾ ਸਕੀ ਕਿ ਇਹਨਾਂ ਦੋਹਾਂ ਇੱਕਾ ਨੇਤਾਵਾਂ ਦੀ ਹੱਤਿਆ ਅਤਿਵਾਦੀਆਂ ਦੇ ਇਕ ਹੀ ਧੜੇ ਨੇ ਕੀਤੀ ਹੈ ਜਾਂ ਫਿਰ ਇਹ ਹਰਕਤ ਦੋ ਵੱਖ ਵੱਖ ਅਤਿਵਾਦੀ ਧੜਿਆਂ ਨੇ ਕੀਤੀ ਹੈ, ਜੋ ਕਿ ਇਕ ਦੂਜੇ ਦੇ ਵਿਰੋਧੀ ਹਨ।

## ਜਨਰਲ ਸੁੰਦਰਜੀ ਵਲੋਂ ਭਾਰਤੀ ਅਮਨ ਸੈਨਾਂ ਦੇ ਰੋਲ ਬਾਰੇ ਕੌਮੀ ਆਮ ਸਹਿਮਤੀ ਦੀ ਅਪੀਲ

ਨਵੀਂ ਦਿੱਲੀ — ਭਾਰਤ ਦੇ ਫੌਜੀ ਮੁਖੀ ਜਨਰਲ ਕੇ. ਐਸ. ਸੁੰਦਰਜੀ ਨੇ ਸ੍ਰੀ ਲੰਕਾ ਵਿਚ ਭਾਰਤੀ ਅਮਨ ਸੈਨਾ (ਆਈ. ਪੀ. ਕੇ. ਐਫ.) ਦੇ ਰੋਲ ਬਾਰੇ ਕੌਮੀ ਆਮ ਸਹਿਮਤੀ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਸੌੜੇ ਹਿਤਾਂ ਲਈ ਇਹੋ ਜਿਹੀਆਂ ਕਾਰਵਾਈਆਂ ਤੇ ਕਿੰਤੂ ਕਰਨ ਨਾਲ ਸਾਡੇ ਫੌਜੀਆਂ ਦੇ ਹੌਂਸਲਿਆਂ ਤੇ ਬੁਰਾ ਅਸਰ ਪੈਂਦਾ ਹੈ। ਉਹਨਾ ਅਫਸੋਸ ਪ੍ਰਗਟ ਕੀਤਾ ਕਿ ਸ੍ਰੀ ਲੰਕਾ ਵਿਚ ਭਾਰਤੀ ਅਮਨ ਸੈਨਾ ਦੀਆਂ ਕਾਰਵਾਈਆਂ ਬਾਰੇ ਕੁਝ ਹਲਕਿਆਂ ਵਲੋਂ ਸ਼ੰਕੇ ਅਤੇ ਇਤਰਾਜ ਪ੍ਰਗਟਾਏ ਜਾ ਰਹੇ ਹਨ। ਫੌਜੀ ਮੁਖੀ ਨੇ ਕਿਹਾ ਕਿ ਇਹੋ ਜਿਹੇ ਸ਼ੰਕੇ ਅਮਨ ਸੈਨਕਾਂ ਦੇ ਹੌਂਸਲੇ ਪ੍ਰਸਤ ਹੋ ਸਕਦੇ ਹਨ। ਉਹਨਾਂ ਆਸ ਪ੍ਰਗਟਾਈ ਕਿ ਸਾਰੀਆਂ ਘਟਨਾਵਾਂ ਨੂੰ ਇਕ ਹੀ ਸੇਧ ਵਿਚ ਵੇਖਿਆ ਜਾਵੇਗਾ।

ਫੌਜ ਦਿਵਸ ਦੇ ਸੰਬੰਧ ਵਿਚ 'ਸੈਨਿਕ ਸਮਾਚਾਰ' ਨਾਲ ਇਕ ਮੁਲਾਕਾਤ ਦੌਰਾਨ ਜਨਰਲ ਸੁੰਦਰਜੀ ਨੇ ਕਿਹਾ ਕਿ ਆਪਣੀਆਂ ਸਰਹੱਦਾਂ ਦੀ ਰਾਖੀ ਲਈ ਸਿੱਧੀ ਲੜਾਈ ਦੇ ਉਲਟ ਇਹੋ ਜਿਹੀਆਂ ਅਮਨ ਸਥਾਪਤੀ ਦੀਆਂ ਕਾਰਵਾਈਆਂ ਅਤੇ ਦਹਿਸ਼ਤਗਰਦੀ ਵਿਰੋਧੀ ਕਾਰਵਾਈਆਂ ਜ਼ਿਆਦਾ ਮੁਸ਼ਕਲ ਹਨ।

ਫੌਜੀ ਮੁਖੀ ਨੇ ਦੱਸਿਆ ਕਿ ਸ੍ਰੀ ਲੰਕਾ 'ਚ ਭਾਰਤੀ ਅਮਨ ਸੈਨਿਕਾਂ ਤੇ ਲਗਾਈਆਂ ਗਈਆਂ ਵੱਖ ਵੱਖ ਬੰਦਸ਼ਾਂ, ਜੋ ਕਿ ਜ਼ਰੂਰੀ ਹਨ, ਦੇ ਬਾਵਜੂਦ ਉਹਨਾਂ ਨੇ ਆਪਣਾ ਫਰਜ਼ ਬੜੀ ਖ਼ੂਬੀ ਨਾਲ ਨਿਭਾਇਆ ਹੈ ਅਤੇ ਆਮ ਨਾਗਰਿਕਾਂ ਦੀਆਂ ਜਾਨਾਂ ਬਚਾਉਣ ਲਈ ਉਹਨਾਂ ਨੇ ਆਪਣੀਆਂ ਕਾਫੀ ਜਾਨਾਂ ਗਵਾਈਆਂ ਹਨ।

## ਪੁਲਸ ਅਧਿਕਾਰੀਆਂ ਦੇ ਕਾਤਲਾਂ ਦੀ ਪਛਾਣ

ਪਟਿਆਲਾ — ਡੀ. ਜੀ. ਪੰਜਾਬ ਪੁਲਸ ਸ੍ਰੀ ਜੇ. ਐਫ ਰਿਬੇਰੋ ਨੇ ਇਥੇ ਦਾਅਵਾ ਕੀਤਾ ਹੈ ਕਿ ਪਟਿਆਲਾ ਵਿਚ ਹੋਏ ਦੋ ਸੀਨੀਅਰ ਪੁਲਸ ਅਧਿਕਾਰੀਆਂ ਦੇ ਕਤਲ ਦੀ ਜਾਂਚ ਨੂੰ ਕਾਫੀ ਸਫਲਤਾ ਮਿਲੀ ਹੈ ਤੇ ਕਾਤਲਾਂ ਦੀ ਪਛਾਣ ਕਰ ਲਈ ਗਈ ਹੈ। ਇਹ ਦਾਅਵਾ ਕਰਦੇ ਉਹਨਾਂ ਕਿਹਾ ਕਿ ਕਾਤਲਾਂ ਦੀ ਗਿਣਤੀ ਤਿੰਨ ਤੋਂ ਵੱਧ ਹੈ ਤੇ ਆਸ ਹੈ ਕਿ ਉਹਨਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸ੍ਰੀ ਰਿਬੇਰੋ ਨੇ ਅਗੇ ਕਿਹਾ ਕਿ ਪੁਲਸ ਨੂੰ ਸਾਬਕਾ ਮੰਤਰੀ ਤਰਲੋਚਨ ਸਿੰਘ ਰਿਆਸਤੀ ਦੇ ਕਤਲ ਦੀ ਗੁੱਥੀ ਸੁਲਝਾਅ ਲੈਣ ਦੀ ਵੀ ਆਸ ਹੈ। ਸ੍ਰੀ ਰਿਬੇਰੋ ਨੇ ਦੱਸਿਆ ਕਿ ਅਤਿਵਾਦੀਆਂ ਨੂੰ ਹੁਣ ਹੋਰ ਨਵੇਂ ਚੇਲੇ ਉਸ ਤਰ੍ਹਾਂ ਨਹੀਂ ਮਿਲ ਰਹੇ ਜਿਸ ਤਰ੍ਹਾਂ ਪਹਿਲਾਂ ਮਿਲਿਆ ਕਰਦੇ ਸਨ। ਉਹਨਾਂ ਅੰਮ੍ਰਿਤਸਰ ਜ਼ਿਲੇ ਨੂੰ ਅਤਿਵਾਦ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੱਸਿਆ ਜਿਥੇ ਅਤਿਵਾਦ ਨਾਲ ਸਬੰਧਤ ਪੰਜਾਬ ਨਾਲ ਸਬੰਧਤ ਪੰਜਾਬ ਦੀਆਂ ਕੁਲ ਵਾਰਦਾਤਾਂ ਵਿਚੋਂ 70 ਫੀਸਦੀ ਵਾਪਰਦੀਆਂ ਹਨ।

ਸ੍ਰੀ ਰਿਬੇਰੋ ਨੇ ਦੱਸਿਆ ਕਿ 1987 ਦੌਰਾਨ ਪੰਜਾਬ ਵਿਚ ਕੁਲ 1238 ਵਿਅਕਤੀ ਕਤਲ ਹੋਏ ਹਨ ਜਿਹਨਾਂ ਵਿਚ 815 ਬੇਦੋਸ਼ੇ ਵਿਅਕਤੀ 95 ਪੁਲਸ ਮੁਲਾਜਮ ਤੇ 328 ਅਤਿਵਾਦੀ ਸ਼ਾਮਲ ਸਨ। ਇਸੇ ਹੀ ਸਾਲ ਦੌਰਾਨ 3750 ਗ੍ਰਿਫਤਾਰ ਵੀ ਕੀਤੇ ਗਏ ਸਨ। ਸ੍ਰੀ ਰਿਬੇਰੋ ਨੇ ਦੱਸਿਆ ਕਿ ਕੁਝ ਪੇਸ਼ਾਵਰ ਮੁਜ਼ਰਮ ਵੀ ਅਤਿਵਾਦੀਆਂ ਵਿਚ ਰਲ ਗਏ ਹਨ। ਉਹਨਾਂ ਨੇ ਇਸ ਸਬੰਧ ਵਿਚ 'ਪੈਸੇ ਦੇ ਕੇ ਕਤਲ ਕਰਾਉਣ' ਤੇ ਇਸ ਢੰਗ ਨਾਲ ਕਈ ਪ੍ਰਵਾਰਾਂ ਦੇ ਬਿਲਕੁਲ ਹੀ ਖਤਮ ਹੋਣ ਦਾ ਜ਼ਿਕਰ ਕੀਤਾ

## ਭੰਡਾਰ ਨਾਇਕੇ ਰਾਸ਼ਟਰਪਤੀ ਦੀ ਚੋਣ ਲੜੇਗੀ

ਕੋਲੰਬੋ — ਸ੍ਰੀਲੰਕਾ ਦੀ ਇਕ ਵਿਰੋਧੀ ਪਾਰਟੀ ਫਰੀਡਮ ਪਾਰਟੀ ਦੀ ਕੌਮੀ ਐਗਜ਼ੈਕਟਿਵ ਨੇ ਸਾਬਕਾ ਰਾਸ਼ਟਰਪਤੀ ਸ੍ਰੀਮਤੀ ਭੰਡਾਰਨਾਇਕੇ ਨੂੰ ਰਾਸ਼ਟਰਪਤੀ ਦੀ ਚੋਣ ਲਈ ਆਪਣਾ ਉਮੀਦਵਾਰ ਨਾਮਜ਼ਦ ਕੀਤਾ ਹੈ। ਰਾਸ਼ਟਰਪਤੀ ਸ੍ਰੀ ਜੈਵਰਧਨੇ ਨੇ ਇਹ ਐਲਾਨ ਕੀਤਾ ਸੀ ਕਿ ਰਾਸ਼ਟਰਪਤੀ ਦੀ ਚੋਣ ਦਸੰਬਰ 1988 ਜਾਂ ਫਰਵਰੀ 1989 ਵਿਚ ਕਰਾਈ ਜਾਵੇਗੀ ਪਰ ਉਹ ਚੋਣ ਨਹੀਂ ਲੜਨਗੇ।

Non-smokers pay less for insurance.



MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
Burnaby, B.C.

Ph. Off. 430-0455
Ph. Res. 433-1684

SunLife OF CANADA

Mohindar Singh Gill

Get your life in shape.

DOSANJH & PIRANI
#202 - 5887 Victoria Drive, Vancouver, B.C. V5P 3W5
Phone 327-6381
● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

## ਫਿਨਲੈਂਡ 'ਚ ਸੰਸਾਰ ਭਰ 'ਚੋਂ ਸਭ ਤੋਂ ਜ਼ਿਆਦਾ ਖੁਦਕਸ਼ੀਆਂ

ਹੇਲਸਿੰਕੀ — ਫਿਨਲੈਂਡ ਵਿਚ ਖੁਦਕਸ਼ੀਆਂ ਦੀ ਦਰ ਦੁਨੀਆਂ ਵਿਚ ਸਭ ਤੋਂ ਵੱਧ ਹੈ, ਇਹ ਜਾਣਕਾਰੀ ਇਥੇ ਫਿਨਲੈਂਡ ਦੇ ਵਿਗਿਆਨੀਆਂ ਨੇ ਦਿੱਤੀ ਹੈ।

ਮਨੋਵਿਗਿਆਨੀ ਸ੍ਰੀ ਜ਼ੂਕੋ ਲੋਨੋਂਵਿਸਟ, ਜਿਸ ਨੇ ਖੁਦਕਸ਼ੀਆਂ ਦੀ ਇਸ ਉਚੀ ਦਰ ਦਾ ਕਾਰਨ ਦੇਸ਼ ਵਿਚ ਅੰਤਾਂ ਦੀ ਬੇਰੁਜ਼ਗਾਰੀ ਹੈ। ਲੋਨੋਂਵਿਸਟ ਅਨੁਸਾਰ 1986-87 ਵਿਚ 1200 ਖੁਦਕਸ਼ੀਆਂ ਹੋਈਆਂ। ਇਹ ਗਿਣਤੀ ਦੇਸ਼ ਦੀ ਕੁਲ ਆਬਾਦੀ, ਜੋ ਕਿ 50 ਲੱਖ ਹੈ ਦੇ ਮੁਕਾਬਲੇ ਦੁਨੀਆਂ ਭਰ ਵਿਚ ਸਭ ਤੋਂ ਉਚੀ ਹੈ। ਮਨੁੱਖਾਂ ਦੇ ਖੁਦਕਸ਼ੀਆਂ ਕਰਨ ਵਿਚ ਫਿਨਲੈਂਡ ਦਾ ਦੁਨੀਆਂ ਵਿਚ ਦੂਜਾ ਸਥਾਨ ਹੈ। ਸ੍ਰੀ ਲੋਨੋਂਵਿਸਟ ਅਜਕਲ ਖੁਦਕਸ਼ੀਆਂ ਰੋਕਣ ਦੇ ਢੰਗ ਤਰੀਕਿਆਂ ਦੀ ਖੋਜ ਬਾਰੇ ਕੰਮ ਕਰ ਰਿਹਾ ਹੈ। ਜਿਸ ਲਈ ਫਿਨਿਸ਼ ਸਰਕਾਰ ਨੇ ਉਸ ਨੂੰ ਲਗਾਇਆ ਹੋਇਆ ਹੈ।

## ਲੋਕ ਕੋਰੀਆ ਸਿਓਲ ਉਲੰਪਿਕ ਵਿਚ ਭਾਗ ਨਹੀਂ ਲਵੇਗਾ

ਟੋਕੀਓ — ਲੋਕ ਕੋਰੀਆ ਨੇ ਸਪਸ਼ਟ ਕੀਤਾ ਹੈ ਕਿ ਜਦ ਤੱਕ 1988 ਦੀਆਂ ਸਿਓਲ ਓਲੰਪਿਕ ਨੂੰ ਸਾਂਝੇ ਤੌਰ ਤੇ ਕਰਵਾਉਣ ਬਾਰੇ ਸਵਾਲ ਤੇ ਕੋਈ ਸਮਝੌਤਾ ਨਹੀਂ ਹੋ ਜਾਂਦਾ, ਉਹ ਓਲੰਪਿਕ-88 ਵਿਚ ਭਾਗ ਨਹੀਂ ਲਵੇਗਾ। ਇਹ ਜਾਣਕਾਰੀ ਕੋਰੀਆ ਦੀ ਕੇਂਦਰੀ ਖਬਰ ਏਜੰਸੀ (ਕੇ ਸੀ ਐਨ ਏ) ਨੇ ਦਿੱਤੀ ਹੈ। ਜਮਹੂਰੀ ਲੋਕ ਗਣਰਾਜ ਕੋਰੀਆ ਦੀ ਓਲੰਪਿਕ ਕਮੇਟੀ ਨੇ ਇਕ ਬਿਆਨ ਜਾਰੀ ਕਰਕੇ ਆਪਣੀ ਸਥਿਤੀ ਸਪਸ਼ਟ ਕਰ ਦਿੱਤੀ ਹੈ। ਬਿਆਨ ਵਿਚ ਕਿਹਾ ਗਿਆ ਹੈ ਮੌਜੂਦਾ ਹਾਲਾਤਾਂ ਹੇਠ, ਸਾਡੇ (ਲੋਕ ਕੋਰੀਆ) ਵਲ*˙ 24ਵੀਆਂ ਓਲੰਪਿਕ ਖੇਡਾਂ 'ਚ ਭਾਗ ਲੈਣ ਲਈ ਅਰਜ਼ੀ ਭੇਜਣ ਦੀ ਕੋਈ ਸੰਭਾਵਨਾ ਨਹੀਂ ਹੈ। ਲੋਕ ਕੋਰੀਆ ਦੀ ਓਲੰਪਿਕ ਕਮੇਟੀ ਵਲੋਂ ਜਾਰੀ ਬਿਆਨ ਵਿਚ ਅਗੇ ਕਿਹਾ ਗਿਆ ਹੈ ਕਿ 'ਜੇ ਉਤਰੀ ਤੇ ਦੱਖਣੀ ਕੋਰੀਆ ਦੀ ਇਕ ਸਾਂਝੀ ਕਾਨਫਰੰਸ ਰਾਹੀਂ ਓਲੰਪਿਕ ਨੂੰ ਸਾਂਝੇ ਤੌਰ ਤੇ ਕਰਵਾਉਣ ਬਾਰੇ ਕੋਈ ਸਮਝੌਤਾ ਹੋ ਜਾਵੇ ਤਾਂ ਲੋਕ ਕੋਰੀਆ ਆਪਣੇ ਸਟੈਂਡ ਬਾਰੇ ਮੁੜ ਸੋਚ ਸਕਦਾ ਹੈ।

## ਪੰਜਾਬ ਦੇ ਕਾਂਗਰਸੀ ਰੇਅ ਤੇ ਰਿਬੇਰੋ ਦੀ ਨਿਗਰਾਨੀ ਹੇਠ ਤਾਜ਼ਾ ਚੋਣਾਂ ਕਰਾਉਣ ਲਈ ਰਾਜ਼ੀ

ਚੰਡੀਗੜ੍ਹ — ਪੰਜਾਬ ਦੇ ਕੁਝ ਕਾਂਗਰਸ (ਆਈ) ਨੇਤਾਵਾਂ ਨੇ ਕਾਂਗਰਸ ਹਾਈ ਕਮਾਂਡ ਨੂੰ ਇਹ ਸੁਝਾਅ ਦਿੱਤਾ ਹੈ ਕਿ ਪੰਜਾਬ ਵਿਚ ਕਾਂਗਰਸ (ਆਈ) ਤਾਂ ਹੀ ਚੋਣਾਂ ਜਿੱਤ ਸਕਦੀ ਹੈ ਜੇਕਰ ਚੋਣਾਂ ਪੰਜਾਬ ਦੇ ਮੌਜੂਦਾ ਰਾਜਪਾਲ ਸਿਧਾਰਥ ਸ਼ੰਕਰ ਰੇਅ ਤੇ ਪੁਲੀਸ ਦੇ ਮੁਖੀ ਜੇ ਐਫ ਰਿਬੇਰੋ ਦੀ ਨਿਗਰਾਨੀ ਹੇਠ ਕਰਵਾਈਆਂ ਜਾਣ। ਕਾਂਗਰਸ (ਆਈ) ਨੇਤਾ ਜਿਹੜੇ ਕਿ ਕਾਂਗਰਸ ਹਾਈ ਕਮਾਂਡ ਨੂੰ ਮਿਲ ਕੇ ਆਏ ਹਨ, ਨੇ ਇਹ ਸੁਝਾਅ ਦਿੱਤਾ ਕਿ ਅਕਾਲੀ ਧੜੇ ਇਸ ਸਮੇਂ ਗੰਭੀਰ ਫੁੱਟ ਦਾ ਸ਼ਿਕਾਰ ਹਨ ਇਸ ਲਈ ਜੇਕਰ ਹਾੜੀ ਦੀ ਫਸਲ ਦੀ ਕਟਾਈ ਤੋਂ ਪਹਿਲਾਂ ਚੋਣਾਂ ਕਰਾ ਲਈਆਂ ਜਾਣ ਤਾਂ ਪਾਰਟੀ ਆਸਾਨੀ ਨਾਲ ਸਰਕਾਰ ਕਾਇਮ ਕਰ ਸਕਦੀ ਹੈ। ਪੰਜਾਬ ਵਿਚ ਭਾਵੇਂ ਦਹਿਸ਼ਤਗਰਦੀ ਸਰਗਰਮੀਆਂ ਨੂੰ ਅਜੇ ਕੋਈ ਠੱਲ੍ਹ ਨਹੀਂ ਪਈ ਪ੍ਰੰਤੂ ਇਸ ਦੇ ਬਾਵਜੂਦ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਨੇਤਾ ਬਹੁਤ ਸਰਗਰਮ ਹੋ ਗਏ ਹਨ। ਉਨ੍ਹਾਂ ਆਪੋ ਆਪਣੇ ਚੋਣ ਹਲਕਿਆਂ ਦਾ ਦੌਰਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਬੇਅੰਤ ਸਿੰਘ, ਪੰਜਾਬ ਵਿਧਾਨ ਸਭਾ ਵਿਚ ਕਾਂਗਰਸ (ਆਈ) ਵਿਧਾਇਕ ਦਲ ਦੀ ਮੁਖੀ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਪੰਜਾਬ ਦੇ ਸਾਬਕਾ ਮੁਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਲੜਕੇ ਸ੍ਰੀ ਗੁਰਬੀਰ ਸਿੰਘ ਇਕ ਪਾਸੇ ਸਰਗਰਮ ਹਨ ਤੇ ਉਹ ਬਲਾਕ, ਪਿੰਡ ਪੱਧਰ ਦੇ ਵਰਕਰਾਂ ਨਾਲ ਚੋਣਾਂ ਬਾਰੇ ਸੰਪਰਕ ਕਾਇਮ ਕਰ ਰਹੇ ਹਨ। ਦੂਜੇ ਪਾਸੇ ਸ੍ਰੀ ਬੇਅੰਤ ਸਿੰਘ ਦੀ ਮੁਹਿੰਮ ਨੂੰ ਵੇਖਦਿਆਂ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਜਿਹੜੇ ਕਿ ਕਾਫੀ ਸਮੇਂ ਤੋਂ ਦਿੱਲੀ ਰਹਿ ਰਹੇ ਹਨ ਨੇ ਵੀ ਪ੍ਰਦੇਸ਼ ਕਾਂਗਰਸ (ਆਈ) ਦੀ ਜਨ ਸੰਪਰਕ ਮੁਹਿੰਮ 'ਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਹੈ। ਇਹੋ ਕਾਰਨ ਹੈ ਕਿ ਦਰਬਾਰਾ ਸਿੰਘ ਧੜੇ ਦੇ ਕਾਂਗਰਸੀ ਨੇਤਾ ਸੰਤੋਖ ਸਿੰਘ ਰੰਧਾਵਾ, ਚੌਧਰੀ ਦਰਸ਼ਨ ਸਿੰਘ, ਡਾ. ਕੇਵਲ ਕ੍ਰਿਸ਼ਨ, ਸ੍ਰੀ ਵਿਨੋਦ ਸ਼ਰਮਾ ਨੇ ਆਪੋ-ਆਪਣੇ ਹਲਕਿਆਂ ਦਾ ਦੌਰਾ ਸ਼ੁਰੂ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਪੰਜਾਬ ਮਸਲੇ ਬਾਰੇ ਸਲਾਹਕਾਰ ਪੰਜਾਬ ਦੀ ਸਥਿਤੀ 'ਤੇ ਇਕ ਕੰਪਿਊਟਰ ਵਾਂਗ ਚੌਕਸੀ ਦਾ ਕੰਮ ਕਰ ਰਹੇ ਹਨ। ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਇਹ ਦਿਲੀ ਇਛਾ ਹੈ ਕਿ ਚੋਣਾਂ ਦੇ ਐਲਾਨ ਤੋਂ ਪਹਿਲਾਂ ਪੰਜਾਬ ਵਿਚੋਂ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਦੇ ਡਰ ਕਾਰਨ ਦਿੱਲੀ, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਹੋਰ ਰਾਜਾਂ ਵਿਚ ਗਏ ਘੱਟ ਗਿਣਤੀ ਦੇ ਫਿਰਕੇ ਦੇ ਲੋਕਾਂ ਨੂੰ ਪੂਰੀਆਂ ਮਾਲੀ ਸਹੂਲਤਾਂ ਦੇ ਕੇ ਉਨ੍ਹਾਂ ਨੂੰ ਮੁੜ ਪੰਜਾਬ ਵਿਚ ਵਸਾਇਆ ਜਾਵੇ। ਇਸ ਤਰ੍ਹਾਂ ਉਹ ਘੱਟ ਗਿਣਤੀ ਦੇ ਲੋਕਾਂ ਦੀਆਂ ਵੋਟਾਂ ਵੀ ਆਸਾਨੀ ਨਾਲ ਲੈ ਸਕਣਗੇ।

ਇਸ ਸਮੇਂ ਪੰਜਾਬ ਵਿਚ ਦਹਿਸ਼ਤਗਰਦਾਂ ਵਲੋਂ ਵਧੇਰੇ ਹਮਲੇ ਸਿੱਖ ਪਰਿਵਾਰਾਂ 'ਤੇ ਕੀਤੇ ਜਾ ਰਹੇ ਹਨ ਜਿਸ ਕਾਰਨ ਪੰਜਾਬ ਤੇ ਦੂਜੇ ਰਾਜਾਂ ਦੇ ਸਿੱਖਾਂ ਵਿਚ ਦਹਿਸ਼ਤ ਪੈਦਾ ਕੀਤੀ ਜਾ ਰਹੀ ਹੈ ਤਾਂ ਕਿ ਉਹ ਚੋਣਾਂ ਸਮੇਂ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੋਟਾਂ ਨਾ ਪਾ ਸ਼ਕਣ ਜਾਂ ਦੂਜੇ ਰਾਜਾਂ ਦੇ ਸਿੱਖ ਨੇਤਾ ਵੀ ਅਕਾਲੀ ਦਲ ਨੂੰ ਸਹਿਯੋਗ ਨਾ ਦੇਣ।

ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਕਾਂਗਰਸ (ਆਈ) ਹਾਈ ਕਮਾਂਡ ਪੰਜਾਬ ਵਿਚ ਪਾਰਟੀ ਦੀ ਸਫਲਤਾ ਲਈ ਅਜਿਹੇ ਦਾਅਪੇਚਾਂ ਦੀ ਵਰਤੋਂ ਕਰ ਰਹੀ ਹੈ ਜਿਹੜੇ ਕਿ ਰਾਜੀਵ-ਲੌਂਗੋਵਾਲ ਸਮਝੌਤੇ ਉਪਰੰਤ ਸ. ਸੁਰਜੀਤ ਸਿੰਘ ਬਰਨਾਲਾ ਨੂੰ ਮੁਖ ਮੰਤਰੀ ਬਨਾਉਣ ਲਈ ਵਰਤੇ ਗਏ ਸਨ। ਪੰਜਾਬ ਦੀ ਅਜੋਕੀ ਸਥਿਤੀ ਹੁਣ ਬਹੁਤ ਧੁੰਦਲੀ ਬਣੀ ਹੋਈ ਹੈ। ਇਸ ਲਈ ਇਹ ਕਹਿਣਾ ਸੰਭਵ ਨਹੀਂ ਕਿ ਚੋਣਾਂ ਵਿਚ ਕਿਹੜੀ ਪਾਰਟੀ ਜਿੱਤੇਗੀ ਪਰ ਜਿਸ ਤਰ੍ਹਾਂ ਕਾਂਗਰਸੀ ਨੇਤਾਵਾਂ ਵਲੋਂ ਚੋਣਾਂ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਉਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕੇਂਦਰ ਦੀ ਸੱਤਾਧਾਰੀ ਪਾਰਟੀ (ਕਾਂਗਰਸ) ਪੰਜਾਬ ਵਿਚ ਅਕਾਲੀ ਦਲ ਨਾਲ ਟੱਕਰ ਲੈਣ ਲਈ ਪੂਰੀ ਤਰ੍ਹਾਂ ਤਿਆਰੀ ਕਰ ਚੁਕੀ ਹੈ।

ਅਮਰੀਕਾ ਦੇ ਰਾਸ਼ਟਰਪਤੀ ਲਿੰਕਨ ਨੇ ਕਿਹਾ ਹੈ, "ਆਪਣੀ ਕਮਜ਼ੋਰੀ ਨੂੰ ਮੰਨ ਲੈਣਾ ਕੋਈ ਅਪਮਾਨ ਨਹੀਂ, ਉਸ ਨੂੰ ਦਰੁਸਤ ਕਰਨ ਲਈ ਕੋਈ ਯਤਨ ਨਾ ਕਰਨਾ ਭਾਰੀ ਅਪਮਾਨ ਵਾਲੀ ਗੱਲ ਹੈ।" ਐਬੇਵਰੀ ਦੇ ਅਨੁਸਾਰ, "ਵਿਦਵਾਨ ਮੂਰਖ ਤੋਂ ਵੀ ਕੁਝ ਸਿੱਖ ਲੈਂਦਾ ਹੈ, ਪਰ ਮੂਰਖ ਵਿਦਵਾਨ ਤੋਂ ਵੀ ਕੁਝ ਨਹੀਂ ਸਿੱਖ ਸਕਦਾ।"


CALL US FIRST

IATA

Express Internationl Travel (1986) Ltd. ATAC

Approved Agent All Major Airlines

ਪਹਿਲੀ ਐਨੀਵਰਸਰੀ ਦੀ ਖੁਸ਼ੀ ਵਿਚ ਟਿਕਟਾਂ ਦੀ ਧਮਾਕੇਦਾਰ ਸੇਲ ਲੱਗ ਗਈ

ਸਿੰਘਾਂਪੁਰ $1100 ਰੀਟਰਨ  ਹਾਂਗਕਾਂਗ $780 ਰੀਟਰਨ  ਟਰਾਂਟੋ $199 ਰੀਟਰਨ  ਇੰਗਲੈਂਡ $595 ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਕੈਲਗਰੀ ਤੇ ਐਡਮਿੰਟਨ $99 ਰੀਟਰਨ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ Ph. 321-8777

5787 Victoria Drive, Vancouver,



AJIT KANG

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

AUTHORIZED AGENTS FOR:

AIR CANADA
BRITISH AIRWAYS
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES.
CATHAY PACIFIC



ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE 1-800-663-6699 (B.C. & ALBERTA)

Prices are subject to change without notice

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

Mohinder Singh Mann

ਮੁਹਿੰਦਰ ਸਿੰਘ ਮਾਨ

321-4353

MANN SHOE STORE

6570 MAIN ST., VANCOUVER, B.C.

# ਅਗਲੀਆਂ ਚੋਣਾਂ ਵਿੱਚ ਖੱਬੇ ਪੱਖੀ ਮੋਰਚਾ ਸਰਕਾਰ ਬਣਾਵੇਗਾ ?

## ਜਨ ਮੋਰਚਾ, ਲੋਕ ਦਲ, ਜਨਤਾ ਪਾਰਟੀ ਮੋਰਚੇ ਵਿਚ ਸ਼ਾਮਲ

ਨਵੀਂ ਦਿੱਲੀ — ਖੱਬੇ-ਪੱਖੀ ਮੋਰਚੇ ਦੀ ਚੜ੍ਹਤ ਦੇ ਦਿਨ ਸਾਹਮਣੇ ਆ ਰਹੇ ਹਨ ਜਦੋਂ ਕੇਂਦਰ ਵਿਚ ਮੁਤਬਾਦਲ ਸਰਕਾਰ ਬਨਾਉਣ ਲਈ ਜਨਤਾ ਪਾਰਟੀ, ਜਨ ਮੋਰਚਾ, ਲੋਕ ਦਲ (ਅ) ਤੇ ਕਾਂਗਰਸ (ਐਸ) ਦੇ ਮੋਰਚੇ ਨੇ ਖੱਬੇ-ਪੱਖੀ ਪਾਰਟੀਆਂ ਦੇ ਮੋਰਚੇ ਦੀ ਅਗਵਾਈ ਕਬੂਲ ਕਰ ਲਈ ਹੈ। ਇਸ ਗੱਲ ਦੀ ਸਪਸ਼ਟ ਸੰਭਾਵਨਾ ਸਾਹਮਣੇ ਆ ਗਈ ਹੈ ਕਿ ਲੋਕ ਦਲ (ਬਹੁਗੁਣਾ) ਵੀ ਜਲਦੀ ਹੀ ਖੱਬੇ-ਪੱਖੀ ਮੋਰਚੇ ਦੀ ਅਗਵਾਈ ਕਬੂਲ ਕਰ ਲਵੇਗਾ।

### ਭਾਰਤੀ ਜਨਤਾ ਪਾਰਟੀ-ਕਾਂਗਰਸ ਸਮਝੌਤਾ

ਫਿਰਕੂ ਪਾਰਟੀ ਭਾਰਤੀ ਜਨਤਾ ਪਾਰਟੀ ਨਾਲ ਕੇਰਲਾ ਵਿਚ ਕਾਂਗਰਸ (ਆਈ) ਨੇ ਸਮਝੌਤਾ ਕਰਕੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਆਉਂਦੇ ਦਿਨਾਂ ਵਿਚ ਉਤਰੀ ਭਾਰਤ ਵਿਚ ਵੀ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ (ਆਈ) ਸਾਂਝੇ ਤੌਰ ਉਤੇ ਚੋਣਾਂ ਲੜਨਗੀਆਂ। ਖੱਬੇ-ਪੱਖੀ ਮੋਰਚੇ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਫਿਰਕੂ ਪਾਰਟੀਆਂ — ਭਾਰਤੀ ਜਨਤਾ ਪਾਰਟੀ, ਮੁਸਲਿਮ ਲੀਗ, ਅਕਾਲੀ ਦਲ ਆਦਿ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ।

### ਰਾਜੀਵ ਗਾਂਧੀ ਚੋਣਾਂ ਕਰਾਉਣ

ਖੱਬੇ-ਪੱਖੀ ਮੋਰਚਾ 30 ਜਨਵਰੀ ਨੂੰ ਸੰਕਲਪ ਦਿਨ ਮਨਾ ਰਿਹਾ ਹੈ। ਪੰਜਾਬ ਵਿਚ 30 ਜਨਵਰੀ ਨੂੰ ਸਾਰੇ ਜ਼ਿਲਾ ਕੇਂਦਰਾਂ ਉਤੇ ਧਰਨੇ ਦਿੱਤੇ ਜਾਣਗੇ ਅਤੇ ਵੱਖਵਾਦੀ ਤੇ ਫਿਰਕੂ ਤੱਤਾਂ ਵਿਰੁੱਧ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।

### 12 ਮਾਰਚ ਨੂੰ ਭਾਰਤ ਬੰਦ

ਖੱਬੇ ਪੱਖੀ ਮੋਰਚੇ ਵਲੋਂ 12 ਮਾਰਚ ਨੂੰ 'ਭਾਰਤ ਬੰਦ' ਦਾ ਨਾਅਰਾ ਦਿਤਾ ਗਿਆ ਹੈ ਜਿਸ ਦਿਨ ਸਾਰਾ ਭਾਰਤ ਮੁਕੰਮਲ ਬੰਦ ਹੋਵੇਗਾ। ਇਸ ਵਿਚ 60 ਲੱਖ ਮਜ਼ਦੂਰ ਹਿਸਾ ਲੈਣਗੇ। ਖੱਬੇ-ਪੱਖੀ ਮੋਰਚਾ ਇਹ ਮੰਗ ਕਰ ਰਿਹਾ ਹੈ ਕਿ ਰਾਜੀਵ ਗਾਂਧੀ ਦੀ ਸਰਕਾਰ ਲੋਕਾਂ ਦਾ ਵਿਸ਼ਵਾਸ਼ ਗੁਆ ਚੁਕੀ ਹੈ ਇਸ ਲਈ ਮੱਧ-ਕਾਲੀ ਚੋਣਾਂ ਕਰਵਾਈਆਂ ਜਾਣ।

# 17 ਕਿਲੋ ਹਸ਼ੀਸ਼ ਪੁਲਸ ਵਲੋਂ ਬਰਾਮਦ

ਕਲਕੱਤਾ — ਪੂਰਬੀ ਖੇਤਰ ਵਿਚ ਨਸ਼ੀਲੀਆਂ ਵਸਤਾਂ ਨੂੰ ਕੰਟਰੋਲ ਕਰਨ ਵਾਲੇ ਬਿਓਰੋ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਕੇਂਦਰੀ ਕਲਕੱਤਾ ਦੇ ਇਕ ਹੋਟਲ ਵਿਚੋਂ ਨਸ਼ੀਲੇ ਪਦਾਰਥਾਂ ਦੇ ਇਕ ਹੋਟਲ ਵਿਚੋਂ ਨਸ਼ੀਲੇ ਪਦਾਰਥਾਂ ਦਾ ਵਪਾਰ ਕਰਨ ਵਾਲੇ ਗਰੋਹ ਦੇ ਸਰਗਣੇ ਤੇ ਉਸ ਦੇ ਦੋ ਸਹਿਯੋਗੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਨਿਪਾਲੀ ਮੂਲ ਦੀ 17 ਕਿਲੋ ਹਸ਼ੀਸ਼ ਬਰਾਮਦ ਕੀਤੀ ਗਈ ਹੈ। ਅਧਿਕਾਰੀਆਂ ਅਨੁਸਾਰ ਇਸ ਗ੍ਰਿਫਤਾਰੀ ਨਾਲ ਹਸ਼ੀਸ਼ ਵਪਾਰ ਦੀ ਇਕ ਵੱਡੀ ਸਾਜ਼ਿਸ਼ ਨੰਗੀ ਹੋ ਗਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਕਬਜੇ ਵਿਚ ਲਈ ਗਈ ਹਸ਼ੀਸ਼ ਦੀ ਕੀਮਤ ਕਈ ਲੱਖ ਰੁਪਏ ਹੈ ਇਹ ਕੌਮਾਂਤਰੀ ਮੰਡੀ ਦੇ ਭਾਅ ਤੇ ਉਸ ਦੀ ਕਵਾਲਿਟੀ ਦੇ ਆਧਾਰ ਤੇ ਵੱਧ ਵੀ ਹੋ ਸਕਦੀ ਹੈ। ਇਹ ਗਰੋਹ ਤਕਰੀਬਨ ਪੰਜ ਸਾਲ ਤੋਂ ਇਹ ਧੰਦਾ ਕਰਦਾ ਆ ਰਿਹਾ ਸੀ ਤੇ ਇਸ ਨੇ ਇਸ ਧੰਦੇ ਤੋਂ ਕਰੋੜਾਂ ਰੁਪਏ ਬਣਾਏ ਸਨ।

# ਪੰਜਾਬ ਮਸਲੇ ਦੇ ਫੌਰੀ ਰਾਜਸੀ ਹੱਲ ਲਈ ਕੇਂਦਰ 'ਤੇ ਜ਼ੋਰ ਦਿਓ

ਜਲੰਧਰ — ਸੀ. ਪੀ. ਆਈ. (ਐਮ) ਦੇ ਇਕ ਵਫਦ ਨੇ ਇਥੇ ਪਾਰਟੀ ਦਾ ਸੂਬਾ ਕਮੇਟੀ ਦੇ ਕਾਇਮ ਮੁਕਾਮ ਸਕੱਤਰ ਸਾਥੀ ਗੁਰਚਰਨ ਸਿੰਘ ਰੰਧਾਵਾ ਦੀ ਅਗਵਾਈ ਹੇਠ ਗਵਰਨਰ ਸ੍ਰੀ ਐਸ ਐਸ ਰੇਅ ਨਾਲ ਮੁਲਾਕਾਤ ਕੀਤੀ। ਵਫਦ ਵਿਚ ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਸਰਵਣ ਸਿੰਘ ਚੀਮਾ ਵੀ ਸ਼ਾਮਲ ਸਨ। ਵਫਦ ਵਲੋਂ ਗਵਰਨਰ ਨੂੰ ਦਿਤੇ ਯਾਦ-ਪੱਤਰ ਵਿਚ ਕਿਹਾ ਗਿਆ ਹੈ ਕਿ ਆਮ ਲੋਕਾਂ ਦੇ ਮਨਾਂ ਵਿਚ ਅਸੁਰੱਖਿਆ ਤੇ ਸਹਿਮ ਬਣਿਆ ਹੋਇਆ ਹੈ।

ਯਾਦ-ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਪ੍ਰਾਂਤ ਵਿਚ ਆਮ ਵਰਗੀ ਹਾਲਤ ਬਨਾਉਣ ਲਈ ਅਸਰਦਾਰ ਪ੍ਰਸ਼ਾਸਕੀ ਕਦਮਾਂ ਦੇ ਨਾਲ ਨਾਲ ਮੁਖ ਟੇਕ ਰਾਜਨੀਤਕ ਕਦਮਾਂ ਉਪਰ ਰੱਖੀ ਜਾਵੇ।

ਗਵਰਨਰ ਕੇਂਦਰ ਉਪਰ ਜ਼ੋਰ ਦੇਣ ਕਿ ਉਹ ਪੰਜਾਬ ਮਸਲੇ ਦੇ ਰਾਜਸੀ ਹੱਲ ਲਈ ਫੌਰੀ ਪਹਿਲ ਕਦਮੀ ਕਰੇ।


## ਪੰਜਾਬ 'ਚ ਜ਼ਮੀਨ ਮੁੱਲ ਲਓ

ਪਿੰਡ ਕਮਾਮ (ਜੋ ਕਿ ਰਾਏਪੁਰ ਡੱਬਾ ਅਤੇ ਹੇੜੀਆਂ ਪਿੰਡਾਂ ਦੀ ਜੂਹ ਵਿਚਾਲੇ ਹੈ) ਤਹਿਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਵਿਚ ਦਸ ਏਕੜ, ਵਧੀਆ ਉਪਜਾਊ ਜ਼ਮੀਨ, ਵਿਕਾਊ ਹੈ। ਜ਼ਮੀਨ ਵਿਚ ਇਕ ਮਕਾਨ ਹੈ ਤੇ ਟਿਊਬਵੈਲ ਲੱਗਿਆ ਹੈ। ਮੁਖ ਤੌਰ ਤੇ ਆਲੂਆਂ ਵਾਲੀ ਜ਼ਮੀਨ ਹੈ। 75.000 ਰੁਪਏ ਇਕ ਏਕੜ ਦਾ ਰੇਟ ਹੈ। ਕ੍ਰਿਪਾ ਕਰਕੇ ਗੰਭੀਰ ਗਾਹਕ ਹੀ ਫੋਨ ਕਰਨ। ਹੋਰ ਜਾਣਕਾਰੀ ਲਈ :

ਫ਼ੋਨ — 325 - 4433


# ਢਾਕੇ ਵਿਚ ਆਮ ਹੜਤਾਲ

## ਵਿਰੋਧੀ ਪਾਰਟੀਆਂ ਚੋਣਾਂ ਦਾ ਬਾਈਕਾਟ ਕਰਨਗੀਆਂ

ਢਾਕਾ — ਬੰਗਲਾ ਦੇਸ਼ ਦੀ ਸਿਆਸੀ ਹਾਲਤ ਵਿਚ ਉਥਲ-ਪੁਥਲ ਜਾਰੀ ਹੈ। ਜਨਰਲ ਇਰਸ਼ਾਦ ਦੀ ਜਾਤੀਆ ਪਾਰਟੀ ਦੇ ਤਿੰਨ ਪਾਰਲੀਮੈਂਟ ਮੈਂਬਰਾਂ ਨੇ ਅਸਤੀਫਾ ਦੇ ਦਿੱਤਾ ਹੈ। ਪਿਛਲੇ ਚਾਰ ਦਿਨ ਤੋਂ ਢਾਕੇ ਵਿਚ ਆਮ ਹੜਤਾਲ ਜਾਰੀ ਹੈ। ਤਿੰਨ ਸ਼ਹਿਰਾਂ 'ਚ ਗੋਲੀ ਨਾਲ 25 ਵਿਅਕਤੀ ਜ਼ਖਮੀ ਹੋਣ ਦੀ ਖਬਰ ਹੈ। ਇਰਸ਼ਾਦ ਵਲੋਂ ਸਖਤੀ ਜਾਰੀ ਹੈ।

ਕੱਲ੍ਹ ਵਿਰੋਧੀ ਪਾਰਟੀਆਂ ਨੇ ਐਲਾਨ ਕੀਤਾ ਕਿ ਇਰਸ਼ਾਦ ਦੀ ਸਰਕਾਰ ਪਹਿਲਾਂ ਅਸਤੀਫ਼ਾ ਦੇਵੇ ਤਾਂ ਚੋਣਾਂ ਕਰਾਵੇ ਨਹੀਂ ਤਾਂ ਵਿਰੋਧੀ ਪਾਰਟੀਆਂ ਚੋਣਾਂ ਦਾ ਬਾਈਕਾਟ ਕਰਨਗੀਆਂ।

ਚੋਣਾਂ ਲਈ ਨਾਮਜ਼ਦਗੀ ਦੀ ਤਾਰੀਖ ਗੁਜ਼ਰ ਗਈ ਹੈ।

# ਟਰੱਕ ਓਪਰੇਟਰਾਂ ਦੀ ਲੜਾਈ ਦੌਰਾਨ ਦੋ ਹਲਾਕ

ਪਟਿਆਲਾ — ਇਥੇ ਟਰੱਕ ਓਪਰੇਟਰਾਂ ਦੇ ਦੋ ਗਰੁੱਪਾਂ ਵਿਚਾਲੇ ਲੜਾਈ ਦੌਰਾਨ ਦੋ ਵਿਅਕਤੀ ਹਲਾਕ ਤੇ ਇਕ ਗੰਭੀਰ ਜ਼ਖਮੀ ਹੋ ਗਿਆ। ਸਰਕਾਰੀ ਰੀਪੋਰਟਰਾਂ ਅਨੁਸਾਰ ਰੁਪਿੰਦਰ ਪਾਲ ਸਿੰਘ ਗਰੁਪ ਫਾਇਰਿੰਗ ਵਿਚ ਮਾਰਿਆ ਗਿਆ ਜਦ ਕਿ ਨੇੜੇ ਚਾਹ ਦੇ ਖੋਖੇ 'ਤੇ ਚਾਹ ਪੀਂਦਾ ਵਿਨੋਦ ਕੁਮਾਰ ਗੋਲੀ ਲਗਣ ਨਾਲ ਗੰਭੀਰ ਜ਼ਖਮੀ ਹੋ ਗਿਆ। ਸੀ ਆਰ ਪੀ ਦੇ ਜਵਾਨਾਂ ਨੇ ਜਦੋਂ ਦੋਸ਼ੀਆਂ ਦਾ ਪਿੱਛਾ ਕੀਤਾ ਤਾਂ ਨਾ ਰੁਕਣ 'ਤੇ ਰਾਜ ਗਰੇਵਾਲ ਜਵਾਨਾਂ ਦੀ ਗੋਲੀ ਨਾਲ ਮਾਰਿਆ ਗਿਆ। ਵਿਨੋਦ ਕੁਮਾਰ ਨੂੰ ਰਾਜਿੰਦਰਾ ਹਸਪਤਾਲ ਦਾਖਲ ਕਰਾਇਆ ਗਿਆ ਹੈ

# ਪਿਸ਼ਾਵਰ ਵਿਚ 13 ਬੰਦੇ ਮਰੇ

ਪਿਸ਼ਾਵਰ — ਇਥੇ ਬੰਬ ਫਟਣ ਨਾਲ 13 ਵਿਅਕਤੀਆਂ ਦੀ ਮੌਤ ਹੋ ਗਈ ਅਤੇ 24 ਵਿਅਕਤੀ ਜ਼ਖਮੀ ਹੋਏ ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ।

ਪਿਸ਼ਾਵਰ ਅਜਿਹੀ ਥਾਂ ਬਣ ਚੁਕਿਆ ਹੈ ਜਿਥੇ ਰੋਜ਼ਾਨਾ ਬੰਬ ਧਮਾਕੇ ਆਮ ਜਿਹੀ ਗੱਲ ਬਣ ਗਈ ਹੈ।


# DASHMESH

## Cloth House

ਰੈਗੂਲਰ ~~$10.00~~ ਹੁਣ $4.99

ਪਲੇਨ ਸੂਟ ਰੈਗੂਲਰ ~~$16.00~~ ਹੁਣ $7.99

ਇਕ ਹੋਰ ਸਪੈਸ਼ਲ ਸਪੈਸ਼ਲ

ਵੰਨ-ਸਵੰਨੇ; ਰੰਗ-ਬਰੰਗੇ ਤੇ ਮੌਡਰਨ ਡੀਜ਼ਾਈਨਾਂ ਦੇ ਕੱਪੜੇ ਲੈਣ ਲਈ ਹਮੇਸ਼ਾਂ ਹੀ ਦਸਮੇਸ਼ ਕਲਾਥ ਹਾਊਸ ਤੇ ਪਹੁੰਚੋ।
ਵਿਆਹ-ਸ਼ਾਦੀਆਂ, ਦਾਜ ਵਰੀ ਤੇ ਹੋਰ ਸਪੈਸ਼ਲ ਮੌਕਿਆਂ 'ਤੇ ਕੱਪੜੇ ਖ਼ਰੀਦਣ ਲਈ ਖਾਸ ਰਿਆਇਤ



ਦਸਮੇਸ਼ ਕਲਾਥ ਹਾਊਸ 853 - 7760

A-2518 Clearbrook Rd., Clearbrook, B.C. V2T 2Y2

# ਗਣਰਾਜ ਦਿਵਸ ਉਤੇ ਵੈਨਕੂਵਰ ਵਿਚ ਸਰਕਾਰੀ ਸਮਾਗਮ

ਵੈਨਕੂਵਰ — 24 ਜਨਵਰੀ ਨੂੰ ਰੌਬਸਨ ਮੀਡੀਆ ਸੈਂਟਰ ਵਿਚ ਕੌਂਸਲਰ ਦਫ਼ਤਰ ਵਲੋਂ ਗਣਰਾਜ ਦਿਵਸ ਮਨਾਇਆ ਗਿਆ ਜਿਸ ਵਿਚ ਵੈਨਕੂਵਰ ਦੇ ਮੇਅਰ ਮਿ: ਕੈਂਬਲ ਮੁੱਖ-ਮਹਿਮਾਨ ਸਨ। ਟੋਰੀ ਪਾਰਟੀ ਦੀ ਪਾਰਲੀਮੈਂਟ ਮੈਂਬਰ ਮੇਰੀ ਕੋਲਿਨਜ਼ ਨੇ ਫੈਡਰਲ ਸਰਕਾਰ ਦੀ ਪ੍ਰਤੀਨਿਧਤਾ ਕੀਤੀ।

ਸਮਾਗਮ ਵਿਚ ਬੋਲਦਿਆਂ ਸ੍ਰੀ ਜਗਦੀਸ਼ ਸ਼ਰਮਾ ਕੌਂਸਲ ਜਨਰਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਦਾ ਸੁਨੇਹਾ ਪੜ੍ਹ ਕੇ ਸੁਣਾਇਆ।

ਸਮਾਗਮ ਵਿਚ ਦੋ ਸੌ ਤੋਂ ਵੱਧ ਸਰੋਤੇ ਸ਼ਾਮਲ ਸਨ। ਕਲਾਸੀਕਲ ਸੰਗੀਤ, ਗੀਤ, ਸੰਗੀਤ ਅਤੇ ਭੰਗੜਾ ਸਮਾਗਮ ਵਿਚ ਪੇਸ਼ ਕੀਤੇ ਗਏ।

ਸਮਾਗਮ ਸ਼ੁਰੂ ਹੋਣ ਵੇਲੇ ਭਾਰਤ ਦੀ ਆਜ਼ਾਦੀ ਦੇ ਮਹਾਨ ਘੁਲਾਟੀਏ ਸਰਹੱਦੀ ਗਾਂਧੀ ਖਾਨ ਅਬਦੁਲ ਗੁਬਾਰ ਖਾਂ ਨੂੰ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਅਰਪਣ ਕੀਤੀ ਗਈ।

26 ਜਨਵਰੀ ਨੂੰ ਵੈਸਟ ਵੈਨਕੂਵਰ ਵਿਚ ਗਣਰਾਜ ਦਿਵਸ ਉਤੇ ਕੌਂਸਲ ਜਨਰਲ ਦੇ ਘਰ ਝੰਡਾ ਝੁਲਾਇਆ ਗਿਆ ਜਿਸ ਵਿਚ ਵੈਨਕੂਵਰ ਨਿਵਾਸੀ ਸ਼ਾਮਲ ਹੋਏ।

ਗੁਰਦੁਆਰਿਆਂ ਦੇ ਦਸ ਕੁ ਬੰਦੇ ਉਥੇ ਮਾਟੋ ਲੈ ਕੇ ਪੁਜੇ ਤੇ ਪ੍ਰੋਟੈਸਟ ਕੀਤਾ।

# ਰਿਟਾਇਰਡ ਜਰਨੈਲ ਦੇ ਘਰ ਦੀ ਤਲਾਸ਼ੀ — ਅਹਿਮ ਦਸਤਾਵੇਜ਼ ਫੜੇ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਕੇਂਦਰੀ ਜਾਂਚ ਬਿਊਰੋ ਨੇ ਇਥੇ ਰਿਟਾਇਰਡ ਲੈਫਟੀਨੈਂਟ ਜਨਰਲ ਨਿਰਮਲ ਪੁਰੀ ਦੇ ਘਰ ਦੀ ਤਲਾਸ਼ੀ ਲਈ ਅਤੇ ਸੁਰੱਖਿਆ ਵਿਭਾਗ ਨਾਲ ਸਬੰਧਤ ਕੁਝ ਅਹਿਮ ਦਸਤਾਵੇਜ਼ ਕਾਬੂ ਕੀਤੇ ਹਨ। ਦੱਸਿਆ ਜਾਂਦਾ ਹੈ ਕਿ ਜਨਰਲ ਦੇ ਘਰ ਦੀ ਤਲਾਸ਼ੀ ਦਾ ਸਿਲਸਿਲਾ ਕਈ ਘੰਟੇ ਚਲਦਾ ਰਿਹਾ। ਕੇਂਦਰੀ ਜਾਂਚ ਬਿਊਰੋ ਨੇ ਰਾਜਧਾਨੀ ਵਿਚ ਹੋਰ ਥਾਵਾਂ ਦੀ ਵੀ ਤਲਾਸ਼ੀ ਲਈ ਹੈ।

ਸੀਨੀਅਰ ਸੀ ਬੀ ਆਈ ਅਧਿਕਾਰੀ ਇਨ੍ਹਾਂ ਤਲਾਸ਼ੀਆਂ ਬਾਰੇ ਖਾਮੋਸ਼ ਹਨ ਅਤੇ ਉਹ ਜਨਰਲ ਵਿਰੁਧ ਕੇਸ ਦਰਜ ਕਰਨ ਜਾਂ ਨਾ ਕਰਨ ਬਾਰੇ ਕੁਝ ਨਹੀਂ ਦੱਸ ਰਹੇ। ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਕਿਹਾ ਕਿ ਸੀ ਬੀ ਆਈ ਨੇ ਇਸ ਮਾਮਲੇ ਵਿਚ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਕੀਤੀ ਕਿਉਂਕਿ 'ਅਸੀਂ ਦਸਤਾਵੇਜ਼ਾਂ ਦਾ ਅਧਿਐਨ ਕਰ ਰਹੇ ਹਾਂ।'

ਸੂਤਰਾਂ ਅਨੁਸਾਰ ਜਨਰਲ ਨਿਰਮਲ ਪੁਰੀ ਨੇ ਰੱਖਿਆ ਵਿਭਾਗ ਬਾਰੇ ਅਹਿਮ ਜਾਣਕਾਰੀ ਹਥਿਆਰਾਂ ਦਾ ਸੌਦਾ ਕਰਨ ਬਾਰੇ ਕਿਸੇ ਕੌਮਾਂਤਰੀ ਏਜੰਟ ਨੂੰ ਦਿੱਤੀ। ਇਸ ਏਜੰਟ ਨੇ ਜਨਰਲ ਘਰ ਕਿਰਾਏ ਉਤੇ ਲਿਆ ਹੋਇਆ ਸੀ ਅਤੇ ਜਨਰਲ ਨੇ ਹਾਲ ਵਿਚ ਹੀ ਕਿਸੇ ਹੋਰ ਘਰ ਵਿਚ ਚਲਾ ਗਿਆ ਸੀ। ਸੀ ਬੀ ਆਈ ਵਲੋਂ ਛੇਤੀ ਹੀ ਜਨਰਲ ਵਿਰੁਧ ਚਾਰਜਸ਼ੀਟ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

# ਏਡਜ਼ ਬਿਮਾਰੀ ਦੇ ਸ਼ਿਕਾਰ

ਅਟੈਲਾਂਟਾ — ਅਮਰੀਕਾ ਵਿਚ ਏਡਜ਼ ਦੇ ਮਰੀਜ਼ਾਂ ਦੀ ਗਿਣਤੀ 50,000 ਤੋਂ ਟੱਪ ਗਈ। ਇਹ ਜਾਣਕਾਰੀ ਏਡਜ਼ ਕੰਟਰੋਲ ਕੇਂਦਰ ਵਲੋਂ ਦਿੱਤੀ ਗਈ। ਏਡਜ਼ ਸੰਬੰਧੀ ਛਪਦੇ ਇਕ ਹਫਤਾਵਾਰ ਅਖਬਾਰ ਨੇ ਲਿਖਿਆ ਹੈ ਕਿ ਏਡਜ਼ ਦੇ ਮਰੀਜਾਂ ਦੀ ਅਮਰੀਕਾ ਵਿਚ ਗਿਣਤੀ 50,265 ਹੋ ਗਈ ਹੈ ਤੇ ਇਹ 4 ਫੀਸਦੀ ਸਲਾਨਾ ਵਾਧਾ ਦਰਸਾਉਂਦੀ ਹੈ।

ਅਮਰੀਕਾ ਵਿਚ ਏਡਜ਼ ਦੇ ਕੁਲ ਮਰੀਜ਼ਾਂ ਵਿਚੋਂ ਹੁਣ ਤੱਕ ਸਿਰਫ 44 ਫੀਸਦੀ ਹੀ ਜਿੰਦਾ ਹਨ। ਹਫਤਾਵਾਰ ਨੇ 1981 ਤੋਂ ਲੈ ਕੇ ਏਡਜ਼ ਸੰਬੰਧੀ ਰੱਖੇ ਰੀਕਾਰਡ ਦਾ ਹਵਾਲਾ ਦਿੰਦੇ ਲਿਖਿਆ ਹੈ ਕਿ ਹੁਣ ਤੱਕ 28149 ਏਡਜ਼ ਮਰੀਜ਼ ਮਰ ਚੁਕੇ ਹਨ। ਏਡਜ਼ ਕੰਟਰੋਲ ਕੇਂਦਰ ਨੇ ਅਗੇ ਦੱਸਿਆ ਹੈ ਕਿ 15 ਲੱਖ ਅਮਰੀਕੀਆਂ ਵਿਚ ਏਡਜ਼ ਦੇ ਜੀਵਾਣੂ ਹਨ ਪਰ ਅਜੇ ਤੱਕ ਇਹ ਪਤਾ ਨਹੀਂ ਲਗ ਰਿਹਾ ਕਿ ਇਹਨਾਂ ਵਿਚੋਂ ਕਿੰਨਿਆਂ ਨੂੰ ਇਹ ਬਿਮਾਰੀ ਵੱਧ ਜਾਵੇਗੀ।

# ਦਿਲ ਦੇ ਦੌਰੇ ਤੋਂ ਬਚਣ ਲਈ ਐਸਪਰੀਨ ਖਾਓ

ਬੌਸਟਨ — ਯੇਲ ਮੈਡੀਕਲ ਸਕੂਲ ਦੇ ਡਾਕਟਰ ਲਾਰੈਂਸ ਕੋਹਨ ਨੇ ਕਿਹਾ ਹੈ ਕਿ ਦਿਲ ਦੇ ਦੌਰੇ ਤੋਂ ਬਚਣ ਲਈ ਹਰ ਤੀਜੇ ਦਿਨ ਇਕ ਗੋਲੀ ਐਸਪਰੀਨ ਖਾਦ ਨਾਲ ਬੀਮਾਰੀ ਦਾ ਅੱਧਾ ਖਾਤਮਾ ਹੋ ਜਾਂਦਾ ਹੈ।

ਜੇ ਕਿਸੇ ਨੂੰ ਸਟਰੋਕ ਜਾਂ ਦਿਲ ਦੀ ਬੀਮਾਰੀ ਹੋਵੇ ਤਾਂ ਐਸਪਰੀਨ ਵਧੀਆ ਇਲਾਜ ਹੈ।

# ਜੌਹਨ ਕਰੌਸਬੀ ਦਿੱਲੀ ਵਿਚ

ਨਵੀਂ ਦਿੱਲੀ — ਕੈਨੇਡਾ ਦੇ ਟਰਾਂਸਪੋਰਟ ਮੰਤਰੀ ਮਿ: ਜੌਹਨ ਕਰਾਸਬੀ ਇਸ ਸਮੇਂ ਦਿੱਲੀ ਵਿਚ ਹਨ ਜਿਥੇ ਉਨ੍ਹਾਂ ਨੇ ਭਾਰਤ ਸਰਕਾਰ ਦੇ ਨੁਮਾਇੰਦਿਆਂ ਨਾਲ ਕੈਨੇਡਾ ਵਲੋਂ ਗੱਲਬਾਤ ਕੀਤੀ ਹੈ।

ਕੈਨੇਡਾ ਭਾਰਤ ਨੂੰ ਰੇਲਵੇ ਅਤੇ ਹੋਰ ਮਾਮਲਿਆਂ ਵਿਚ ਉਚ ਤਕਨੀਕੀ ਸਹਾਇਤਾ ਦੇਣਾ ਚਾਹੁੰਦਾ ਹੈ।


ਰੈਸਟੋਰੈਂਟ ਸੇਲ ਉਤੇ
ਸਰੀ-ਡੈਲਟਾ ਪੰਜਾਬੀ ਮਾਰਕਿਟ ਵਿਚ
ਮਿਸਟਰ ਮਾਈਕ ਰੈਸਟੋਰੈਂਟ
(ਜੋ ਕਿ 9261 — ਸਕਾਟ ਰੋਡ 'ਤੇ ਹੈ)
ਸੇਲ ਉਤੇ ਹੈ
ਕੀਮਤ ਸਿਰਫ਼ 69,900 ਡਾਲਰ
ਰੈਸਟੋਰੈਂਟ ਦਾ ਸਾਰਾ ਸਾਮਾਨ ਵੀ ਇਸ ਕੀਮਤ ਵਿਚ ਸ਼ਾਮਲ ਹੈ
ਹੋਰ ਜਾਣਕਾਰੀ ਲਈ ਫੋਨ ਕਰੋ
ਦਲਜੀਤ ਸਿੰਘ ਤੂਰ
Daljit S. Toor
Bus: 590-1321
Res: 594-7629
Call
MIKE TRITES
Bus: 590-1321
Res: 594-7702
ROYAL LePAGE



Hans Appliances

ਅਸੀਂ ਫਰਿਜ਼, ਸਟੋਵ, ਡਰਾਇਰ, ਵਾਸ਼ਰ, ਮਾਈਕਰੋਵੇਵ ਤੇ ਹੋਰ ਘਰੇਲੂ ਐਪਲਾਈਂਸਜ਼ ਦੀ ਮੁਰੰਮਤ ਕਰਦੇ ਹਾਂ।



We also buy/sell old & new appliances
Reasonable Rates
Phone 585-0782





ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਸੂਟ ਸਾੜ੍ਹੀਆਂ ਵਧੀਆ ਪਰਦੇ ਬਣਾਉਣ ਲਈ ਇਕੋ ਇਕ ਭਰੋਸੇ ਯੋਗ ਸਟੋਰ




SHAN SAREES & DRAPERY LTD.
Serving you since 1970
ਸਾਡੇ ਤਜਰਬੇ ਦਾ ਲਾਭ ਉਠਾਉਣ ਲਈ ਅੱਜ ਹੀ ਮੁਫ਼ਤ ਐਸਟੀਮੇਟ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ
6543 Main St., Vancouver, B.C.
Ph. 321-1955, 321-0847


'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..............................................
Address..............................................
City..............................................
Province..............................................
Postal code..............................................
PHONE..............................................

| | |
|---|---|
| One Year .................... | 30 dollars |
| Two Year .................... | 55 dollars |
| Three year .................... | 80 dollars |
| Life membership.......... | 500 dollars |
| ASIA.................... | 150 dollars [a year] |
| U.S.A. .................... | 35 dollars [a year] |
| Europe .................... | 150 dollars [a year] |
| Africa .................... | 150 dollars [a year] |

# ਬਰਨਾਲਾ ਤੇ ਅਮਰਿੰਦਰ ਦੋਵੇਂ ਅਸਤੀਫ਼ਾ ਦੇਣ — ਬਲਵੰਤ

ਜਲੰਧਰ — ਸਾਬਕਾ ਵਿੱਤ ਮੰਤਰੀ ਸ੍ਰੀ ਬਲਵੰਤ ਸਿੰਘ ਨੇ ਸੁਝਾ ਦਿੱਤਾ ਹੈ ਕਿ ਸ੍ਰੀ ਸੁਰਜੀਤ ਸਿੰਘ ਬਰਨਾਲਾ ਅਤੇ ਸ੍ਰੀ ਅਮਰਿੰਦਰ ਸਿੰਘ ਨੂੰ ਅਸਤੀਫੇ ਦੇ ਕੇ ਸਾਰੇ 73 ਵਿਧਾਇਕਾਂ, ਜਿਹੜੇ ਅਕਾਲੀ ਦਲ ਦੀਆਂ ਟਿਕਟਾਂ 'ਤੇ ਜਿੱਤੇ ਸਨ, ਦੀ ਸਾਂਝੀ ਮੀਟਿੰਗ ਸੱਦਣੀ ਚਾਹੀਦੀ ਹੈ ਜਿਹੜੀ ਅਸੰਬਲੀ ਵਿਚ ਨਵਾਂ ਆਗੂ ਚੁਣੇ । ਇਸੇ ਤਰ੍ਹਾਂ ਯੂ ਏ ਡੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਅਕਾਲੀ ਦਲ ਲੌਂਗੋਵਾਲ ਦੇ ਪ੍ਰਧਾਨ ਸ੍ਰੀ ਬਰਨਾਲਾ ਨੂੰ ਪਾਰਟੀ ਦਾ ਸਾਂਝਾ ਡੈਲੀਗੇਟ ਅਜਲਾਸ ਸੱਦਣਾ ਚਾਹੀਦਾ ਹੈ ਜਿਹੜੀ ਨਵਾਂ ਆਗੂ ਚੁਣੇ । ਉਹਨਾਂ ਕਿਹਾ ਕਿ ਇਸ ਨਾਲ ਪਾਰਟੀ ਢਾਂਚੇ ਦਾ ਜਮਹੂਰੀ ਰੂਪ ਤਕੜਾ ਹੋਵੇਗਾ ।

ਇਥੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਉਹਨਾਂ ਕਿਹਾ ਕਿ ਅਕਾਲੀ ਦਲ (ਲੌਂਗੋਵਾਲ) ਨੇ ਉਦੋਂ ਵੀ ਇਹੀ ਸਟੈਂਡ ਲਿਆ ਸੀ ਜਦੋਂ ਪ੍ਰੋ: ਦਰਸ਼ਨ ਸਿੰਘ ਨੇ ਸਾਰੇ ਧੜਿਆਂ ਵਿਚ ਏਕੇ ਲਈ ਯਤਨ ਕੀਤਾ ਸੀ। ਅਕਾਲੀ ਦਲ (ਲੌਂਗੋਵਾਲ) ਆਪਣੇ ਇਸ ਸਟੈਂਡ ਉਤੇ ਕਾਇਮ ਹੈ ਕਿ ਏਕਤਾ ਅਸਲੀ ਅਕਾਲੀ ਦਲ ਦੇ ਅਸੂਲਾਂ ਤੇ ਉਦੇਸ਼ਾਂ ਦੇ ਆਧਾਰ ਉਤੇ ਹੀ ਹੋ ਸਕਦੀ ਹੈ। ਉਹਨਾਂ ਦੁਹਰਾਇਆ ਕਿ ਅਕਾਲੀ ਦਲ (ਲੌਂ) ਨੂੰ ਅਜੇ ਵੀ ਅਸੰਬਲੀ ਵਿਚ ਬਹੁਮਤ ਪ੍ਰਾਪਤ ਹੈ। 92 ਮੈਂਬਰੀ ਅਸੰਬਲੀ ਵਿਚ ਇਸਦੇ 51 ਮੈਂਬਰ ਹਨ। ਉਹਨਾਂ ਮਖੌਲ ਕਰਦਿਆਂ ਕਿਹਾ ਕਿ ਅਮਰਿੰਦਰ ਸਿੰਘ ਆਪਣੇ ਆਪ ਦਾ ਹੀ ਆਗੂ ਹੈ। ਬਲਵੰਤ ਸਿੰਘ ਨੇ ਕਿਹਾ ਕਿ ਜੇ ਕੇਂਦਰ ਚਾਹੇ ਤਾਂ ਅਸੀਂ ਚੋਣਾਂ ਲਈ ਤਿਆਰ ਹਾਂ। ਪਰ ਚੰਗਾ ਇਹ ਹੋਵੇਗਾ ਕਿ ਕੇਂਦਰ ਦੇਸ਼ ਦੀਆਂ ਸਾਰੀਆਂ ਅਸੰਬਲੀਆਂ ਵਿਚ ਆਪਣੀ ਪਰਖ ਕਰੇ ਇਹ ਪੁਛੇ ਜਾਣ ਉਤੇ ਕਿ ਕੀ ਅਤਿਵਾਦੀਆਂ ਨਾਲ ਗੱਲਬਾਤ ਹੋਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਕੇਵਲ ਰਾਜਨੀਤਕ ਸਰਕਾਰ ਹੀ ਅਜਿਹੀ ਗੱਲਬਾਤ ਕਰ ਸਕਦੀ ਹੈ। ਉਹਨਾਂ ਕਿਹਾ ਕਿ 'ਗੁਮਰਾਹ ਹੋਏ ਨੌਜਵਾਨ' ਬਦੇਸ਼ੀ ਨਹੀਂ ਹਨ, ਉਹ ਸਾਡੇ ਭਰਾ ਹਨ ਅਤੇ ਉਹਨਾਂ ਨੂੰ ਮੁਖਧਾਰਾ ਵਿਚ ਲਿਆਂਦਾ ਜਾ ਸਕਦਾ ਹੈ ਅਤੇ ਕੇਂਦਰ ਤੇ ਸੂਬਾ ਸਰਕਾਰ ਅਜਿਹਾ ਕਰ ਸਕਦੀਆਂ ਹਨ । ਉਹਨਾਂ ਯੂ ਏ ਡੀ ਆਗੂਆਂ ਉਤੇ ਵਰ੍ਹਦਿਆਂ ਕਿਹਾ ਕਿ ਉਹ ਦਲ ਬਦਲੀ ਕਰਾ ਰਹੇ ਹਨ ਅਤੇ ਇਸ ਨਾਲ ਸਥਿਤੀ ਹੋਰ ਪੇਚੀਦਾ ਹੋ ਜਾਏਗੀ । ਉਹਨਾਂ ਕਿਹਾ ਕਿ ਅਸੀਂ ਵੀ ਦਲ ਬਦਲੀ ਕਰਾ ਸਕਦੇ ਹਾਂ ਪਰ ਅਸੀਂ ਅਜਿਹੀਆਂ ਨੀਤੀਆਂ ਵਿਚ ਵਿਸ਼ਵਾਸ ਨਹੀਂ ਰਖਦੇ। ਉਹਨਾਂ ਸਾਰੀਆਂ ਸੂਬਾ ਤੇ ਕੇਂਦਰੀ ਪੱਧਰ ਦੀਆਂ ਸਾਰੀਆਂ ਪਾਰਟੀਆਂ, ਸਮੇਤ ਅਕਾਲੀ ਧੜਿਆਂ ਦੇ, ਨੂੰ ਸੱਦਾ ਦਿੱਤਾ ਕਿ ਉਹ ਕੇਂਦਰ ਨੂੰ ਪੰਜਾਬ ਸਮੱਸਿਆ ਦੇ ਰਾਜਨੀਤਕ ਹੱਲ ਲਈ ਮਜਬੂਰ ਕਰਨ ਵਾਸਤੇ ਸਾਂਝੀ ਲੜਾਈ ਦੇਣ ।

# ਜਲੰਧਰ 'ਚ ਬਲਿਊ ਫਿਲਮਾਂ ਤੇ ਲਚਰ ਕਿਤਾਬਾਂ ਦੀ ਭਰਮਾਰ

ਜਲੰਧਰ — ਪਿਛਲੇ ਕੁਝ ਸਾਲਾਂ ਤੋਂ ਇਥੇ ਗੰਦੇ ਲਿਟਰੇਚਰ ਬਲਿਊ ਫਿਲਮਾਂ ਅਤੇ ਨੰਗੇ ਪੋਸਟਰਾਂ ਦੀ ਭਰਮਾਰ ਹੈ ਜਦ ਕਿ ਨਗਰ ਦੇ ਕਈ ਇਲਾਕਿਆਂ ਵਿਚ ਗੰਦੀਆਂ ਕਿਤਾਬਾਂ ਸਪਲਾਈ ਕੀਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਦੀਆਂ ਕਿਤਾਬਾਂ ਇਕ ਰੁਪਿਆ ਪ੍ਰਤੀ ਦਿਨ ਕਿਰਾਇਆ ਤੇ ਮਿਲਦੀਆਂ ਹਨ । ਇਸ ਤਰ੍ਹਾ ਬਲਿਊ ਫਿਲਮਾਂ ਦਾ ਧੰਦਾ ਵੀ ਕਈ ਬਜ਼ਾਰਾਂ ਵਿਚ ਖੁਲੇ ਆਮ ਹੋ ਰਿਹਾ ਹੈ। ਇਸ ਤਰ੍ਹਾਂ ਦੀਆਂ ਫਿਲਮਾਂ ਪਹਿਲਾਂ ਵਿਦੇਸ਼ੀ ਅੰਗਰੇਜ਼ੀ ਫਿਲਮਾਂ ਵਿਚ ਹੁੰਦੀਆਂ ਸਨ ਜਦ ਕਿ ਹੁਣ ਹਿੰਦੀ ਵਿਚ ਵੀ ਤਿਆਰ ਕੀਤੀ ਗਈ ਹੈ ਜਿਥੋਂ ਤੱਕ ਕਿ ਨੰਗੇ ਫਿਲਮੀ ਪੋਸਟਰਾਂ ਦਾ ਸਬੰਧ ਹੈ ਉਹ ਤਾਂ ਨਗਰ ਦੀ ਗਲੀ ਮੁਹੱਲਿਆਂ ਅਤੇ ਬਾਜ਼ਾਰਾਂ ਦੀ ਕੰਧਾਂ ਤੇ ਆਮ ਦੇਖੇ ਜਾਂਦੇ ਹਨ ਕੁਝ ਸਿਨੇਮਾ ਘਰਾਂ ਵਿਚ ਮਲਿਆਲਮ ਫਿਲਮਾਂ ਦੀ ਨੁਮਾਇਸ਼ ਕੀਤੀ ਜਾਂਦੀ ਅਤੇ ਫਿਲਮ ਵਿਚ ਇਕ ਦੋ ਸੀਨ ਇਸ ਤਰ੍ਹਾਂ ਦੇ ਦਿਖਾਏ ਜਾਂਦੇ ਹਨ ਜਿਸ ਦਾ ਫਿਲਮ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ ਸੀਨ ਬਲਿਊ ਫਿਲਮਾਂ 'ਚੋਂ ਕੱਟਕੇ ਮਲਿਆਲਮ ਫਿਲਮ ਦੇ ਨਾਲ ਜੋੜ ਦਿਤੀ ਜਾਂਦੀ ਹੈ ਸਿਨੇਮਾ ਘਰਾਂ ਵਿਚ ਇਸ ਤਰ੍ਹਾਂ ਦੀਆਂ ਫਿਲਮਾਂ ਦਿਖਾਈਆਂ ਜਾਂਦੀਆਂ ਹਨ ਜਿਸ ਵਿਚ ਸੀਨ ਹੱਦ ਤੋਂ ਜ਼ਿਆਦਾ ਨੰਗੇ ਹੁੰਦੇ ਹਨ । ਆਮ ਸ਼ਹਿਰੀਆਂ ਵਿਚ ਇਸ ਲਚਰ ਲਹਿਰ ਵਿਰੁਧ ਭਾਰੀ ਬੇਚੈਨੀ ਪਾਈ ਜਾ ਰਹੀ ਹੈ ।

## ਅਤਿਵਾਦੀਆਂ ਵਿਰੁਧ ਕਦਮ

ਫਿਰੋਜ਼ਪੁਰ — ਮਾਲਣਵਾਲਾ ਪਿੰਡ ਲਾਗੇ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਮਗਰੋਂ ਤਿੰਨ ਅਤਿਵਾਦੀ ਗ੍ਰਿਫਤਾਰ ਕਰ ਲਏ ਗਏ ਇਹ ਜਾਣਕਾਰੀ ਦਿੰਦੇ ਪੁਲਸ ਸੂਤਰਾਂ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਅਤਿਵਾਦੀਆਂ ਦੇ ਨਾਂ ਹਰਬੰਸ ਸਿੰਘ, ਬਾਜ਼ ਸਿੰਘ ਤੇ ਗੋਪਾਲ ਸਿੰਘ ਹਨ। ਪੁਲਸ ਨੇ ਉਹਨਾਂ ਦੇ ਕਬਜ਼ੇ ਵਿਚੋਂ ਤਿੰਨ ਪਿਸਤੌਲ, ਤੇ ਇਕ ਲੱਖ ਰੁਪਏ ਮੁੱਲ ਦੀ ਨਕਦੀ ਤੇ ਜ਼ੇਵਰ ਬਰਾਮਦ ਕੀਤੇ ਹਨ। ਉਹ ਜ਼ੁਰਮ ਕਰਨ ਦੀਆਂ ਸਕੀਮਾਂ ਘੜ ਰਹੇ ਸਨ ਕਿ ਪੁਲਸ ਦੇ ਕਾਬੂ ਆ ਗਏ ।

# ਪੁਤਰ ਤੇ ਭਤੀਜਿਆਂ ਦੀ ਇਮਦਾਦ ਨਾਲ ਸਕਾ ਭਰਾ ਮਾਰ ਦਿੱਤਾ

ਜਲੰਧਰ — ਥਾਣਾ ਸਦਰ ਦੇ ਪਿੰਡ ਰੰਧਾਵਾ ਮਸੰਦਾਂ ਵਿਖੇ ਦੋ ਧੜਿਆਂ ਦੀ ਆਪਸੀ ਲੜਾਈ ਵਿਚ ਇਕ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਦੱਸਿਆ ਜਾਂਦਾ ਹੈ ਕਿ ਕੁੰਦਨ ਸਿੰਘ ਨਾਮੀ ਵਿਅਕਤੀ ਨੇ ਆਪਣੇ ਲੜਕੇ ਕੁਲਵਿੰਦਰ ਸਿੰਘ ਉਰਫ ਕਾਲਾ ਅਤੇ ਦੋ ਭਤੀਜੇ ਪਲਵਿੰਦਰ ਸਿੰਘ ਤੇ ਪਰਮਜੀਤ ਸਿੰਘ ਦੀ ਮੱਦਦ ਨਾਲ ਆਪਣੇ ਸਕੇ ਭਰਾ ਬਲਦੇਵ ਸਿੰਘ 38 ਸਾਲ ਨੂੰ ਸੂਏ ਮਾਰ ਮਾਰ ਕੇ ਮਾਰ ਦਿੱਤਾ। ਪੁਲਿਸ ਨੇ ਕੇਸ ਦਰਜ ਕਰਕੇ ਪਰਮਜੀਤ ਸਿੰਘ, ਕੁੰਦਨ ਸਿੰਘ ਅਤੇ ਪਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਜਦ ਕਿ ਚੌਥਾ ਦੋਸ਼ੀ ਕੁਲਵਿੰਦਰ ਸਿੰਘ 'ਕਾਲਾ' ਅਜੇ ਤੱਕ ਫਰਾਰ ਹੈ। ਲਾਸ਼ ਪੋਸਟ ਮਾਰਟਮ ਤੋਂ ਬਾਅਦ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ ।

# 5 ਚੋਰ ਗ੍ਰਿਫਤਾਰ

## ਚੋਰੀ ਦਾ ਟੀ. ਵੀ. ਤੇ ਟਰੱਕ ਬਰਾਮਦ

ਜਲੰਧਰ — ਜਲੰਧਰ ਪੁਲਸ ਨੇ ਚੋਰਾਂ ਦੇ ਇਕ ਗਿਰੋਹ ਦੇ ਤਿੰਨ ਮੈਂਬਰਾਂ, ਗੁਰਦਿਆਲ ਸਿੰਘ ਤੇ ਰਾਮੂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜ਼ੇ ਵਿਚੋਂ ਇਕ ਪਿਸਤੌਲ, ਦੋ ਗੋਲੀਆਂ ਤੇ ਇਕ ਕਮਾਨੀਦਾਰ ਚਾਕੂ ਬਰਾਮਦ ਕੀਤਾ ਹੈ । ਤਫਤੀਸ਼ ਦੌਰਾਨ ਇਹਨਾਂ ਪਾਸੋਂ ਇਕ ਟੀ. ਵੀ. ਵੀਡੀਓ ਕੈਸਿਟ, ਸਟੀਰੀਓ ਤੇ ਪੰਜ ਟਾਇਰ ਰਿਮਾਂ ਸਮੇਤ ਬਰਾਮਦ ਹੋਏ ਹਨ। ਬਰਾਮਦ ਹੋਈਆਂ ਇਹਨਾਂ ਵਸਤਾਂ ਦੀ ਕੀਮਤ 20,000 ਰੁਪਏ ਦੇ ਬਰਾਬਰ ਹੈ । ਇਸੇ ਦੌਰਾਨ ਪੁਲਸ ਨੇ ਹਰਗੋਬਿੰਦ ਸਿੰਘ ਤੇ ਧਿਆਨ ਸਿੰਘ ਨਾਂ ਦੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜ਼ੇ ਵਿਚੋਂ ਚੋਰੀ ਦਾ ਇਕ ਟਰੱਕ ਪੀ. ਯੂ ਜੀ 9057 ਤੇ ਸੀਮੇਂਟ ਦਾ ਇਕ ਬੋਰਾ ਬਰਾਮਦ ਕੀਤਾ ਹੈ ।


**ਏ. ਡੀ. ਬਾਰੀਆ ਐਲ. ਐਲ. ਬੀ.**

**ਵਕੀਲ**

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

**ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ**

**Arsad Dara Baria LL.B.**

**Lawyer**

Ste. 209-6330 Fraser St., Vancouver, B.C.

**Ph. 321-8300**



To protect your family, your mortgage, or to ensure your childrens' education, for an RRSP or an annuity, contact:

**AVTAR S. RANDHAWA**

B.A., B.T.



AVTAR S. RANDHAWA

**Metropolitan Insurance Companies**

AVTAR S. RANDHAWA

687-5871 (office) or 325-3562 (Residence)

700-1176 W. GEORGIA ST. VANCOUVER.



**Now In addition to**

**Serving the Community — with their Life Insurance needs since 1970**

**For all your real estate needs at**



*Dayspring Realty*

(ਪੰਜਾਬੀ-ਹਿੰਦੀ ਵਿਚ ਵੀ ਸਿੱਧਾ ਪੇਜਰ 'ਤੇ ਸੁਨੇਹਾ ਦੇ ਸਕਦੇ ਹੋ)

**ਰੁਪਿੰਦਰ ਆਜ਼ਾਦ ਵੱਲੋਂ** : 1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਇਨਸ਼ੋਰੈਂਸ ਦੀਆਂ ਲੋੜਾਂ ਦੀ ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ - ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ। ਹਰ ਕਿਸਮ ਦੀ ਲਾਈਫ ਇਨਸ਼ੋਰੈਂਸ ਬਾਰੇ ਸਲਾਹ ਮਸ਼ਵਰੇ ਦੇ ਨਾਲ ਨਾਲ - ਕਿਸੇ ਕਿਸਮ ਦੀ ਰੀਅਲ ਐਸਟੇਟ ਘਰ, ਫਾਰਮ, ਏਕੜ, ਲਾਟ ਜਾਂ ਕਮਰਸ਼ਲ ਪਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ — ਅੱਜ ਹੀ ਫੋਨ ਕਰੋ :

#21 - 31940 South Fraser Way, Clearbrook, B.C.

**Ph. (604) 853-8114** [24 hours] **Direct Toll Free Pager 1-979-2638**

# ਕਿਸਮਤ

**ਅਬਿਨਾਸ਼ ਗਿੱਲ, ਪੋਰਟਕੁਕਿਟਲਿਮ**

ਅਜ ਸੁਬਾ ਕੰਮ ਤੇ ਸਾਰਿਆਂ ਨੇ ਆਪਣਾ ਆਪਣਾ ਕੰਮ ਸ਼ੁਰੂ ਕਰ ਲਿਆ ਸੀ। ਕਿਸੇ ਦੇ ਚੀਕ ਮਾਰਨੇ ਦੀ ਆਵਾਜ਼ ਆਈ। ਮੈਂ ਦੌੜ ਕੇ ਰਸੋਈ ਦੇ ਪਿਛਲੇ ਹਿੱਸੇ ਪਹੁੰਚੀ ਜਿਥੋਂ ਚੀਕ ਦੀ ਆਵਾਜ਼ ਆਈ। ਉਹ ਲੜਕੀ ਜਿਸ ਨੇ ਚੀਕ ਮਾਰੀ ਸੀ ਉਚੀ ਉਚੀ ਹੱਸ ਰਹੀ ਸੀ। ਅਤੇ ਉਂਗਲੀ ਨਾਲ ਇਸ਼ਾਰਾ ਕਰਕੇ ਦਿਖਾ ਰਹੀ ਸੀ ਇਕ ਛੋਟਾ ਜਿਹਾ ਡੱਡੂ ਹਰੇ ਰੰਗ ਦਾ ਜਿਸ ਤੋਂ ਉਹ ਡਰ ਗਈ ਸੀ। ਇਹ ਡੱਡੂ ਸਬਜ਼ੀ ਦੇ ਡੱਬੇ ਵਿਚੋਂ ਨਿਕਲਿਆ ਸੀ।

ਉਸ ਡੱਡੂ ਵੱਲ ਦੇਖ ਕੇ ਮੈਨੂੰ ਉਸਦੀ ਕਿਸਮਤ ਦਾ ਖਿਆਲ ਆਇਆ ਇਹ ਸਬਜ਼ੀਆਂ ਕੈਲਾਫੋਰਨੀਆਂ ਤੋਂ ਆਉਂਦੀਆਂ ਹਨ ਪਤਾ ਨਹੀਂ ਕਿੰਨੀ ਦੇਰ ਦਾ ਡੱਡੂ ਇਸ ਡੱਬੇ ਵਿਚ ਬੰਦ ਹੋਵੇਗਾ ਅਤੇ ਇਹ ਸਬਜ਼ੀਆਂ ਠੰਡੀ ਜਗ੍ਹਾ ਰੱਖੀਆਂ ਜਾਂਦੀਆਂ ਹਨ ਅਤੇ ਇਹ ਡੱਬਾ ਤਿੰਨ ਦਿਨ ਤੋਂ ਸਾਡੇ ਫਰਿਜ਼ ਵਿਚ ਵੀ ਪਿਆ ਰਿਹਾ ਹੈ। ਤਾਂ ਵੀ ਜਿੰਦਾ ਰਿਹਾ। ਉਹ ਕਿਸ ਤਰ੍ਹਾਂ ਸਾਰੇ ਸਾਥੀਆਂ ਨਾਲੋਂ ਵਿਛੜ ਗਿਆ ਹੋਵੇਗਾ।

ਜਦ ਡੱਬਾ ਖੁਲ੍ਹਿਆ ਉਸਨੂੰ ਆਜ਼ਾਦ ਹੋਣ ਦਾ ਇਹਿਸਾਸ ਹੋਇਆ ਜਦ ਹੀ ਮੌਕਾ ਮਿਲਿਆ ਝੱਟ ਉਹ ਆਪਣੀ ਆਜ਼ਾਦੀ ਲਈ ਟੱਪ ਪਿਆ ਸੀ ਉਸਨੂੰ ਕੀ ਪਤਾ ਸੀ ਕਿ ਉਸਦੀ ਕਿਸਮਤ ਉਸ ਲਈ ਕੁਝ ਹੋਰ ਲਈ ਬੈਠੀ ਹੈ। ਅਸੀਂ ਕਿੰਨੇ ਜਣੇ ਹੀ ਡੱਡੂ ਦਾ ਤਮਾਸ਼ਾ ਦੇਖ ਰਹੇ ਸੀ। ਇਤਨੇ ਨੂੰ ਇਕ ਸ਼ਰਾਰਤੀ ਦਿਮਾਗ ਨੂੰ ਸ਼ਰਾਰਤ ਸੁਝੀ ਇਹ ਸੀ ਇਕ ਲੜਕਾ ਜੋ ਬਹੁਤ ਹੀ ਸ਼ਰਾਰਤੀ ਸੀ। ਉਸਨੇ ਡੱਡੂ ਨੂੰ ਚੁਕਿਆ ਅਤੇ ਉਸ ਨਾਲ ਖੇਡਣਾਂ ਸ਼ੁਰੂ ਕਰ ਦਿੱਤਾ। ਸਾਰਿਆਂ ਨੂੰ ਦਿਖਾ ਰਿਹਾ ਸੀ। ਡੱਡੂ ਸ਼ਾਇਦ ਡਰ ਗਿਆ ਸੀ। ਉਸ ਦੀ ਆਜ਼ਾਦੀ ਉਸਦੇ ਹੱਥੋਂ ਖੁਸਦੀ ਲੱਗੀ ਉਹ ਘਬਰਾ ਗਿਆ ਸੀ ਅਤੇ ਉਸਦੇ ਦਿਮਾਗ ਵਿਚ ਉਸ ਦਿਨ ਵਾਲਾ ਸੀਨ ਲੰਘ ਰਿਹਾ ਸੀ ਜਿਸ ਦਿਨ ਉਹ ਡੱਬੇ ਵਿਚ ਬੰਦ ਹੋ ਗਿਆ ਸੀ ਉਸ ਦਿਨ ਵੀ ਇਸ ਤਰ੍ਹਾਂ ਦਾ ਹੀ ਰੌਲਾ ਪੈ ਰਿਹਾ ਸੀ ਉਸਨੂੰ ਤਾਂ ਪਤਾ ਵੀ ਨਹੀਂ ਸੀ ਲੱਗਾ ਜਦ ਉਹ ਡੱਬੇ ਅੰਦਰ ਬੰਦ ਹੋ ਗਿਆ ਉਸ ਦਿਨ ਤੋਂ ਬਾਅਦ ਅਜ ਹੀ ਉਸਨੂੰ ਮੌਕਾ ਦਿਸਿਆ ਸੀ ਆਜ਼ਾਦ ਹੋਣ ਦਾ। ਡੱਡੂ ਨੇ ਇਕ ਵਾਰ ਫਿਰ ਹੌਂਸਲਾ ਕੀਤਾ। ਅਤੇ ਇਕ ਵਾਰ ਫਿਰ ਉਸਨੇ ਛਾਲ ਮਾਰੀ। ਇਸ ਵਾਰ ਉਹ ਗਰਮ ਗਰਮ ਸਟੋਵ ਦੇ ਪਿਛੇ ਡਿੱਗ ਗਿਆ। ਹੁਣ ਅਸੀਂ ਸਾਰਿਆਂ ਨੇ ਉਸਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਸਾਨੂੰ ਕਿਤੇ ਨਾ ਮਿਲਿਆ।

ਉਸਦੀ ਕਿਸਮਤ ਉਸਨੂੰ ਕਿਥੋਂ ਕਿਥੇ ਲੈ ਆਈ ਸੀ। ਉਸਦੇ ਲੱਖ ਕੋਸ਼ਿਸ਼ ਕਰਨ ਤੇ ਵੀ ਉਹ ਆਪਣੀ ਕਿਸਮਤ ਨਾ ਬਦਲ ਸਕਿਆ ਉਹ ਹੀ ਹੋਇਆ ਜੋ ਧੁਰ ਦਰਗਾਓ ਇਸ ਦਾ ਲਿਖਿਆ ਹੋਇਆ ਸੀ।

ਮੇਰੀ ਕਿਸਮਤ ਦਾ ਵੀ ਕੁਝ ਇਹ ਹੀ ਹਾਲ ਸੀ। ਲੱਖ ਅੜਚਨਾਂ ਆਣ ਤੇ ਵੀ ਮੇਰਾ ਵਿਆਹ ਪਾਲ ਨਾਲ ਹੋ ਹੀ ਗਿਆ ਸੀ। ਅਤੇ ਉਸਦੀ ਮੌਤ ਉਸਨੂੰ ਕੈਨੇਡਾ ਲੈ ਆਈ ਸੀ। ਨਹੀਂ ਤਾਂ ਜਦ ਪਹਿਲੀ ਵਾਰੀ ਆਇਆ ਸੀ ਤਾਂ ਉਸਨੂੰ ਕੈਨੇਡਾ ਚੰਗਾ ਨਹੀਂ ਸੀ ਲੱਗਿਆ ਵਾਪਸ ਚਲਾ ਗਿਆ ਸੀ। ਦੁਬਾਰਾ ਸਿਰਫ ਉਸਦੀ ਮੌਤ ਬੁਲਾ ਕੇ ਲੈ ਆਈ ਸੀ। ਮੌਤ ਦਾ ਬਹਾਨਾ ਇਕ ਛੋਟੀ ਜਿਹੀ ਲਾਂਘ ਸੀ। ਅਗਰ ਇਕ ਕਦਮ ਅਗੇ ਰਖ ਲੈਂਦਾ ਤਾਂ ਬਚ ਗਿਆ ਸੀ ਨਹੀਂ ਰੱਖ ਹੋਇਆ ਤਾਂ ਮੌਤ ਹੋ ਗਈ। ਇਕ ਕਦਮ ਅਗੇ ਨਾ ਰਖ ਹੋਣ ਨਾਲ ਮੇਰੀ ਦੁਨੀਆਂ ਉਜੜ ਗਈ ਸੀ। ਮੇਰੀ ਤਕਦੀਰ ਬਦਲ ਗਈ ਸੀ।

---

ਜਦੋਂ ਹਰ ਮਜ਼ਬ ਤੇ ਇਨਸਾਨੀਅਤ ਦੀ ਇਕ ਹੀ ਮੰਜ਼ਿਲ
ਤਾਂ ਫਿਰ ਵੱਖ ਵੱਖ ਇਹਦੇ ਰਸਤੇਦੇਵਿਚ ਪਗਡੰਡੀਆਂ ਨੇ ਕਿਉਂ?


ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ
**ਮੋਨੀਕਾ ਵੀਡੀਓ**
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
**ਫੋਨ ਕਰੋ : ਪਾਲ ਮੋਦਗਿੱਲ**
**627-1637**



NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

**LIFE ■ HEALTH ■ GROUP ■ DISABILITY INSURANCE**

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ?

**Off: 685-7364** **Bhupinder Dhaliwal** **Res: 589-1559**


Bhupinder Dhaliwal



IATA APPROVED OFFICE

**Dunhill Travel LTD.**

ਡਨਹਿਲ ਟਰੈਵਲ ਲਿਮ:

10 East Broadway, Vancouver, B.C., V5T 1V6

**Ph. 875-9129**

Toll Free B.C., Alberta — 1-800-663-5116

ATAC

Authorized Agents — PAN AM

ਆਥੋਰਾਈਜ਼ਡ ਟਿਕਟ ਏਜੰਟ

Singapore Airlines

ਸਿੰਗਾਪੁਰ ਏਅਰਲਾਈਨਜ਼ 'ਤੇ ਸਫ਼ਰ ਕਰੋ

**ਦਿੱਲੀ, ਬੰਬਈ, ਮਦਰਾਸ, ਕਲਕੱਤਾ, ਢਾਕਾ, ਕਰਾਚੀ**

**PAN AM**

**Special London Sale**
**from $279 U.S. One way**

AMSTERDAM
from $325 US one way

FRANKFURT
from $309 U.S. one way

**ਖੁਸ਼ਖਬਰੀ!**

ਡਨਹਿਲ ਟਰੈਵਲ ਦਾ ਦੂਜਾ ਦਫਤਰ
ਐਡਮਿੰਟਨ ਵਿਚ ਖੁਲ੍ਹ ਗਿਆ

ਐਡਮਿੰਟਨ 'ਚ ਰਹਿਣ ਵਾਲੇ ਆਪਣੀਆਂ ਟਿਕਟਾਂ ਏਥੇ ਹੀ ਖਰੀਦੋ

**New Location In EDMONTON**
**Ph. (403) 462-4804**

DUNHILL TRAVEL LTD.
4214 - 66 St.
Michaels Park Plaza
EDMONTON - ALTA



**MERIDIAN INSURANCE**

*Life & Accident sickness*

LOCATION 1
3268 COAST MERIDIAN RD.,
PORT COQUITLAM, B.C. V3B 3N4

LOCATION 2
Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)
ਸੰਤਬੀਰ ਸਿੰਘ ਮਿਨਹਾਸ
**Ph. 272-0700**

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੇਂਸ ਕਰਾਉਣ ਲਈ

Santbir Minhas **Res. 271-1248** **ICBC, house, tenant, commercial**

# ਸਿੱਖ ਯੁਵਕ ਸੀ. ਆਰ. ਪੀ. ਵਿਚ ਭਰਤੀ ਕੀਤੇ ਜਾਣਗੇ

ਘਨੌਰ (ਪਟਿਆਲਾ) — ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਸ੍ਰੀ ਜੂਲੀਓ ਰਿਬੇਰੋ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚੋਂ ਬਹੁਤ ਸਾਰੇ ਯੁਵਕਾਂ ਨੂੰ ਕੇਂਦਰੀ ਰੀਜ਼ਰਵ ਪੁਲੀਸ (ਸੀ ਆਰ ਪੀ) ਤੇ ਇੰਡੋ ਤਿਬਤਨ ਬਾਰਡਰ ਪੁਲੀਸ (ਆਈ ਟੀ ਬੀ ਪੀ) ਵਿਚ ਭਰਤੀ ਕੀਤਾ ਜਾਵੇਗਾ। ਸ੍ਰੀ ਰਿਬੇਰੋ ਇਥੇ ਇਕ ਲੋਕ ਸ਼ਕਤੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਕਬਾਲ ਕੀਤਾ ਕਿ ਪੰਜਾਬ ਦੇ ਵਰਤਮਾਨ ਹਾਲਾਤ ਕਾਰਨ ਸਿਖਾਂ ਦੀ ਮਾਨਸਿਕਤਾ ਨੂੰ ਭਾਰੀ ਠੇਸ ਪਹੁੰਚੀ ਹੈ ਅਤੇ ਉਹ ਇਨ੍ਹਾਂ ਭਾਵਨਾਵਾਂ ਦੀ ਜਾਣਕਾਰੀ ਕੇਂਦਰ ਸਰਕਾਰ ਨੂੰ ਭੇਜੀਆਂ ਜਾਣ ਵਾਲੀਆਂ ਆਪਣੀਆਂ ਰਿਪੋਰਟਾਂ ਵਿਚ ਦੇਣਗੇ।

ਸ੍ਰੀ ਰਿਬੇਰੋ ਨੇ ਸਪਸ਼ਟ ਕੀਤਾ ਕਿ ਉਹ ਕਿਸੇ ਵੀ ਫਿਰਕੇ ਜਾਂ ਜ਼ਾਤ ਦੇ ਖਿਲਾਫ ਨਹੀਂ, ਪਰ ਪੁਲੀਸ ਦੀ ਵਰਦੀ ਉਨ੍ਹਾਂ ਨੂੰ ਇਹ ਸਿਖਾਉਂਦੀ ਹੈ ਕਿ ਉਹ ਆਪਣਾ ਕੰਮ ਬਿਨਾਂ ਕਿਸੇ ਭੇਦਭਾਵ ਜਾਂ ਲਿਹਾਜ ਦੇ ਨੇਪਰੇ ਚਾੜ੍ਹਨ। ਉਨ੍ਹਾਂ ਦੱਸਿਆ ਕਿ ਪੁਲੀਸ ਇਸ ਮੌਕੇ 'ਤੇ ਭਰਤੀ ਕਰਨ ਦਾ ਕੰਮ ਭਰਤੀ ਵਿਚ ਵੱਢੀ ਚਲਣ ਦੀਆਂ ਸ਼ਕਾਇਤਾਂ ਦੂਰ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸਿੱਖ ਯੁਵਕਾਂ ਨੂੰ ਸੀ ਆਰ ਪੀ ਵਿਚ ਭਰਤੀ ਕਰਨ ਨਾਲ ਸਿਖ ਭਾਈਚਾਰੇ ਦੀ ਸੀ ਆਰ ਪੀ ਪ੍ਰਤੀ ਨਾਰਾਜ਼ਗੀ ਦੂਰ ਹੋ ਜਾਵੇਗੀ।

# ਜੋਧਪੁਰ ਨਜ਼ਰਬੰਦਾਂ ਦੀ ਰਿਹਾਈ ਵਿਚਾਰ ਅਧੀਨ — ਰੇਅ

ਚੰਡੀਗੜ੍ਹ — ਪੰਜਾਬ ਦੇ ਰਾਜਪਾਲ ਸ੍ਰੀ ਐਸ ਐਸ ਰੇਅ ਨੇ ਕਿਹਾ ਹੈ ਕਿ ਜੋਧਪੁਰ ਨਜ਼ਰਬੰਦਾਂ ਸਮੇਤ ਪੰਜਾਬ ਦੇ ਨਜ਼ਰਬੰਦਾਂ ਦੀ ਰਿਹਾਈ ਬਾਰੇ ਸਰਕਾਰ ਵਿਚਾਰ ਕਰ ਰਹੀ ਹੈ। ਰਾਜਪਾਲ ਨੇ ਇਹ ਗੱਲ ਮੁੜ ਦੁਹਰਾਈ ਕਿ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਜਾਂ ਦਹਿਸ਼ਤਪਸੰਦਾਂ ਅਤੇ ਜਾਂ ਦਹਿਸ਼ਤਪਸੰਦਾਂ ਦੇ ਸਮਰਥਕਾਂ ਤੇ ਰਾਸ਼ਟਰ ਵਿਰੋਧੀ ਅਨਸਰਾਂ ਨਾਲ ਕੋਈ ਗੱਲ ਨਹੀਂ ਹੋ ਸਕਦੀ।

ਇਹ ਪੁੱਛੇ ਜਾਣ ਉਤੇ ਕਿ ਪੰਜਾਬ ਨੂੰ ਵਿਸ਼ੇਸ਼ ਸਹੂਲਤਾਂ (ਸਪੈਸ਼ਲ ਪੈਕਿਜ) ਦੇਣ ਦਾ ਐਲਾਨ ਕਦੋਂ ਕੀਤਾ ਜਾ ਰਿਹਾ ਹੈ, ਰਾਜਪਾਲ ਨੇ ਕਿਹਾ ਕਿ ਕੁਝ ਸਮਾਂ ਹੋਰ ਲਗੇਗਾ।

ਹਰਜਿੰਦਰ ਸਿੰਘ ਜਿੰਦਾ ਦੇ ਸਾਥੀ ਸਤਨਾਮ ਸਿੰਘ ਬਾਵਾ ਤੇ ਕੁਝ ਹੋਰ ਉਘੇ ਦਹਿਸ਼ਤਪਸੰਦਾਂ ਪੁਲੀਸ ਹਿਰਾਸਤ ਵਿਚੋਂ ਫਰਾਰ ਹੋਣ ਦੀਆਂ ਘਟਨਾਵਾਂ ਬਾਰੇ ਪ੍ਰਤੀਕਰਮ ਪ੍ਰਗਟ ਕਰਦਿਆਂ ਰਾਜਪਾਲ ਨੇ ਕਿਹਾ ਕਿ "ਅਸੀਂ ਇਸ ਮਾਮਲੇ 'ਤੇ ਗੌਰ ਕਰ ਰਹੇ ਹਾਂ।" ਇਹ ਪੁੱਛੇ ਜਾਣ ਉਤੇ ਕਿ ਕੀ ਇਹੋ ਜਿਹੀਆਂ ਘਟਨਾਵਾਂ ਪੁਲੀਸ ਵਲੋਂ ਕੀਤੀ ਜਾ ਰਹੀ ਲਾਪ੍ਰਵਾਹੀ ਦਾ ਸਿੱਟਾ ਨਹੀਂ, ਰਾਜਪਾਲ ਨੇ ਕਿਹਾ ਕਿ ਇਸ ਸਬੰਧ ਵਿਚ ਗੌਰ ਕਰਨਾ ਪੁਲੀਸ ਦੇ ਡਾਇਰੈਕਟਰ ਜਨਰਲ ਦਾ ਕੰਮ ਹੈ।

ਰਾਜਪਾਲ ਨੇ ਸਾਂਝੇ ਅਕਾਲੀ ਦਲ ਦੇ ਨੇਤਾ ਪ੍ਰਕਾਸ਼ ਸਿੰਘ ਬਾਦਲ ਵਲੋਂ ਪੇਸ਼ ਕੀਤੀ ਗਈ ਪੰਜ ਨੁਕਾਤੀ ਮੰਗ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਪਰ ਉਨ੍ਹਾਂ ਕਿਹਾ ਕਿ ਜੋਧਪੁਰ ਨਜ਼ਰਬੰਦਾਂ ਦੀ ਰਿਹਾਈ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਰਾਜਪਾਲ ਨੇ ਮੰਨਿਆ ਕਿ ਸੁਰੱਖਿਆ ਦਲਾਂ ਨੇ ਕੁਝ ਨਿਰਦੋਸ਼ ਲੋਕਾਂ ਨੂੰ ਮਾਰਿਆ ਹੈ ਪਰ ਅਜਿਹੇ ਮਾਮਲਿਆਂ ਵਿਚ ਸਰਕਾਰ ਨੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਹੈ। ਰਾਜਪਾਲ ਨੇ ਆਖਿਆ ਕਿ ਅੰਮ੍ਰਿਤਸਰ ਦੇ ਦੌਰੇ ਦੌਰਾਨ ਉਨ੍ਹਾਂ ਨੇ ਜੀਵਨ ਦੇ ਸਭਨਾਂ ਖੇਤਰਾਂ ਨਾਲ ਸੰਬੰਧਿਤ ਲੋਕਾਂ ਨਾਲ ਗੱਲਾਂ ਕੀਤੀਆਂ ਹਨ ਅਤੇ ਉਨ੍ਹਾਂ ਦੇ ਵਿਚਾਰਾਂ ਬਾਰੇ ਗੌਰ ਕੀਤੀ ਹੈ। ਰੇਅ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾ ਕੰਮ ਪੰਜਾਬ ਵਿਚ ਅਮਨ ਕਾਇਮ ਕਰਨਾ ਹੈ।

# ਸਿਹਤ ਦੀ ਕੁੰਜੀ — ਹਾਸਾ

## ਜੋ ਕੈਂਸਰ ਵੀ ਦੂਰ ਕਰ ਸਕਦਾ ਹੈ!

**ਡਾ: ਯਤੀਸ਼ ਅਗਰਵਾਲ**

ਹੋਟਲ ਦਾ ਆਲੀਸ਼ਾਨ ਕਮਰਾ ਹੈ, ਜਿਸ ਵਿਚ ਪਲੰਘ ਉਤੇ ਇਕ ਵਿਅਕਤੀ ਲੇਟਿਆ ਹੋਇਆ ਹੈ ਅਤੇ ਸਾਹਮਣੇ ਵੀਡੀਓ ਤੇ ਚਾਰਲੀ ਚੈਪਲਿਨ ਦੀ ਹਾਸੇ ਵਾਲੀ ਫਿਲਮ ਚਲ ਰਹੀ ਹੈ। ਇਕ ਫਿਲਮ ਖਤਮ ਹੁੰਦੀ ਤਾਂ ਦੂਜੀ ਹਾਸੇ ਵਾਲੀ ਫਿਲਮ ਸ਼ੁਰੂ ਹੋ ਜਾਂਦੀ ਹੈ। ਜਦੋਂ ਫਿਲਮਾਂ ਦਾ ਸਿਲਸਿਲਾ ਖਤਮ ਹੁੰਦਾ ਹੈ ਤਾਂ ਉਹ ਵਿਅਕਤੀ ਹਾਸੇ ਵਾਲੀ ਕੋਈ ਕਿਤਾਬ ਲੈ ਕੇ ਪੜ੍ਹਨ ਬੈਠ ਜਾਂਦਾ ਹੈ। ਇਸ ਤਰ੍ਹਾਂ ਸਾਰਾ ਦਿਨ ਹੱਸਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ।

ਕੌਣ ਹੈ ਉਹ ਵਿਅਕਤੀ ਜੋ ਦੁਨੀਆਂ ਤੋਂ ਅਣਜਾਣ ਸਵੇਰ ਤੋਂ ਸ਼ਾਮ ਤੱਕ ਹੱਸਣ ਵਿਚ ਹੀ ਮਸਤ ਰਹਿੰਦਾ ਹੈ। ਤੁਹਾਡਾ ਵੀ ਜਾਣਨ ਨੂੰ ਜੀਅ ਕਰਦਾ ਹੈ ਨਾ !? ਇਹ ਆਦਮੀ ਆਮ ਸਾਧਾਰਨ ਵਿਅਕਤੀਆਂ ਵਿਚੋਂ ਹੀ ਇਕ ਵਿਅਕਤੀ "ਸੈਚਰਡੇ ਰੀਵਿਊ" ਅਖਬਾਰ ਦਾ ਸੰਪਾਦਕ ਨਾਰਮਨ ਕਜ਼ੰਸ। ਹੱਸਣ ਵਿਚ ਆਪਣੇ ਆਪ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਨਾਰਮਨ ਜ਼ਿਆਦਾ ਬੀਮਾਰ ਰਹਿੰਦਾ ਸੀ। ਬਿਮਾਰੀ ਦੌਰਾਨ ਜਦੋਂ ਉਹ ਆਪਦੀ ਜਾਂਚ ਕਰਾਉਣ ਲਈ ਡਾਕਟਰ ਕੋਲ ਗਿਆ ਤਾਂ ਉਹਦੀ ਡਰ ਅਤੇ ਹੈਰਾਨੀ ਦੀ ਕੋਈ ਹੱਦ ਨਾ ਰਹੀ। ਡਾਕਟਰ ਨੇ ਦੱਸਿਆ ਕਿ ਉਸਨੂੰ ਅਪਾਹਜ ਕਰ ਦੇਣ ਵਾਲਾ ਕੋਈ ਖਾਸ ਰੋਗ ਲੱਗ ਗਿਆ ਹੈ ਜਿਸਦਾ ਕੋਈ ਇਲਾਜ ਨਹੀਂ। ਡਾਕਟਰਾਂ ਦੁਆਰਾ ਕੀਤੇ ਗਏ ਇਲਾਜ ਤੋਂ ਨਾਰਮਨ ਹੈਰਾਨ ਨਾ ਹੋਇਆ। ਉਸਨੇ ਹੋਟਲ ਵਿਚ ਆਪਣੇ ਨਾਂ ਤੇ ਇਕ ਕਮਰਾ ਬੁੱਕ ਕਰਵਾਇਆ ਅਤੇ ਫਿਰ ਹੱਸਣ ਵਾਲੀਆਂ ਕਿਤਾਬਾਂ ਪੜ੍ਹਨ ਵਿਚ ਮਗਨ ਹੋ ਗਿਆ। ਉਸਨੇ ਇਹ ਮਹਿਸੂਸ ਕੀਤਾ ਕਿ ਹੱਸਣ ਦਾ ਤਰੀਕਾ ਉਹਦੇ ਲਈ ਸੰਵੇਦਨਹਾਰੀ (ਅਨੈਸਥੈਟਿਕ) ਦਵਾਈ ਦੇ ਰੂਪ ਵਿਚ ਕੰਮ ਕਰਦਾ ਹੈ। ਹੱਸਦੇ ਹੱਸਦੇ ਜਦੋਂ ਉਹਦੇ ਪੇਟ ਵਿਚ ਵਲ ਪੈ ਜਾਂਦੇ ਤਾਂ ਆਪਣੇ ਆਪ ਹੀ ਉਸਦੀ ਅੱਖ ਲੱਗ ਜਾਂਦੀ ਸੀ, ਸਰੀਰ ਦਾ ਦਰਦ ਕਿਤੇ ਦੂਰ ਦੌੜ ਜਾਂਦਾ।

ਇਹ ਸਿਲਸਿਲਾ ਕਈ ਮਹੀਨਿਆਂ ਤੱਕ ਚਲਦਾ ਰਿਹਾ। ਹੌਲੀ ਹੌਲੀ ਉਸਨੂੰ ਲੱਗਣ ਲੱਗਾ ਕਿ ਉਹ ਠੀਕ ਹੁੰਦਾ ਜਾ ਰਿਹਾ ਹੈ ਅਤੇ ਅੰਤ ਵਿਚ ਇਕ ਦਿਨ ਇਸ ਤਰ੍ਹਾਂ ਦਾ ਵੀ ਆਇਆ ਜਦੋਂ ਉਹ ਹਕੀਕਤ ਵਿਚ ਸਿਹਤਮੰਦ ਹੋ ਗਿਆ। ਡਾਕਟਰ ਵੀ ਹੈਰਾਨ ਰਹਿ ਗਏ। ਨਾਰਮਨ ਨੂੰ ਸ਼ੁਰੂ ਵਿਚ ਹੀ ਵਿਸ਼ਵਾਸ ਸੀ ਕਿ ਖੁਸ਼ਹਾਲ ਜੀਵਨ ਬਿਤਾਉਣ ਨਾਲ ਉਹ ਜ਼ਰੂਰ ਹੀ ਸਿਹਤਮੰਦ ਹੋ ਜਾਵੇਗਾ। ਅਜਕਲ ਨਾਰਮਨ ਕਜ਼ੰਸ ਹਰ ਵਿਅਕਤੀ ਨੂੰ ਰੋਗ ਤੋਂ ਮੁਕਤੀ ਪਾਉਣ ਵਾਸਤੇ ਹੱਸਣ ਨੂੰ ਦਵਾਈ ਦੇ ਰੂਪ ਵਿਚ ਲੈਣ ਦਾ ਸੁਝਾਅ ਦਿੰਦਾ ਹੈ।

ਸਾਡੇ ਆਪਣੇ ਇੱਥੋਂ ਦੇ ਪੁਰਾਤਨ ਗਰੰਥਾਂ, ਸ਼ਾਸਤਰਾਂ ਵਿਚ ਵੀ ਹੱਸਣ ਨੂੰ ਇਕ ਸਿਹਤਮੰਦ ਕਸਰਤ ਦੱਸਿਆ ਗਿਆ ਹੈ। ਸਵੇਰੇ ਲੋਕ ਜਦੋਂ ਸੈਰ ਦੇ ਨਾਲ ਨਾਲ ਕਸਰਤ ਕਰਦੇ ਹਨ ਤਾਂ ਮੂੰਹ ਖੋਹਲਕੇ ਵਾਰ ਵਾਰ ਹੱਸਣ ਦੀ ਕਸਰਤ ਵੀ ਸ਼ਾਮਲ ਰਹਿੰਦੀ ਹੈ।

ਹੱਸਣਾ ਬਹੁਤ ਹੀ ਗੁਣਕਾਰੀ ਕਸਰਤ ਹੈ। ਇਸ ਕਿਰਿਆ ਵਿਚ ਡਾਇਫਰਾਮ (ਪੇਟ ਤੋਂ ਛਾਤੀ ਨੂੰ ਅਲੱਗ ਕਰਨ ਵਾਲੀ ਮਾਸ ਪੇਸ਼ੀ) ਛਾਤੀ ਅਤੇ ਮਾਸ ਦੀਆਂ ਮਾਸ-ਪੇਸ਼ੀਆਂ, ਦਿਲ, ਫੇਫੜੇ ਅਤੇ ਅਨੁਮਾਨ ਹੈ ਕਿ ਜਿਗਰ ਦੀ ਵੀ ਕੁਝ ਪਲਾਂ ਲਈ ਭਰਪੂਰ ਰੂਪ ਨਾਲ ਕਸਰਤ ਹੋ ਜਾਂਦੀ ਹੈ। ਦਿਲ ਅਤੇ ਲਹੂ-ਦੌੜ ਦੀ ਗਤੀ ਤੇਜ਼ ਹੋ ਜਾਂਦੀ ਹੈ। ਸਾਹ ਦੀ ਨਾਲੀ ਵਿਚ ਬਾਹਰੋਂ ਆਏ ਹਾਨੀਕਾਰਕ ਪਦਾਰਥ ਬਾਹਰ ਨਿਕਲ ਜਾਂਦੇ ਹਨ। ਹਸਦੇ ਹਸਦੇ ਜਦੋਂ ਵਿਅਕਤੀ ਕਈ ਵਾਰੀ ਲੋਟ-ਪੋਟ ਹੋ ਜਾਂਦਾ ਹੈ ਤਾਂ ਉਸਦਾ ਮੂੰਹ ਅਤੇ ਹੱਥ ਪੈਰ ਆਪਣੇ ਆਪ ਹੀ ਖਿੱਚੇ ਜਾਂਦੇ ਹਨ। ਹੱਸਣ ਦਾ ਇਕ ਮਹੱਤਵਪੂਰਨ ਲਾਭ ਇਹ ਵੀ ਹੈ ਕਿ ਇਹ ਜੀਵਨ ਦੀ ਉਦਾਸੀ, ਇਕੱਲਾਪਨ, ਬੁਰੀ ਭਾਵਨਾ, ਥਕਾਵਟ ਅਤੇ ਸਰੀਰ ਦੇ ਕਿਸੇ ਵੀ ਹਿੱਸੇ ਵਿਚ ਹੋ ਰਹੇ ਦਰਦ ਤੋਂ ਰਾਹਤ ਦਿਵਾਉਂਦਾ ਹੈ।

**ਇਕ ਨਵਾਂ ਸਿਧਾਂਤ :—** ਹੱਸਣ ਦੀ ਵਿਧੀ ਨਾਲ ਸੰਬੰਧਤ ਪੁਰਾਣੀਆਂ ਮਾਨਤਾਵਾਂ ਅਤੇ ਆਧੁਨਿਕ ਚਕਿਸਤਾ, ਤਜਰਬੇਕਾਰਾਂ ਦਾ ਧਿਆਨ ਪਿਛਲੇ ਕੁਝ ਸਾਲਾਂ ਤੋਂ ਹੀ ਇਸ ਵੱਲ ਖਿਚਿਆ ਗਿਆ ਹੈ। ਇਹਨਾਂ ਮਾਨਤਾਵਾਂ ਦਾ ਅਧਿਅਨ ਕਰਨ ਨਾਲ ਇਕ ਨਵੇਂ ਵਿਗਿਆਨਕ ਸਿਧਾਂਤ ਨੇ ਜਨਮ ਲਿਆ। ਮੱਤ ਹੈ ਕਿ ਹੱਸਣ ਨਾਲ ਦਿਮਾਗ ਵਿਚ 'ਕੈਟੇਕੋਲਮਿਨ' ਜੈਵਿਕ ਰਸਾਇਣਾਂ ਦੀ ਉਤਪਤੀ ਹੁੰਦੀ ਹੈ। ਇਹ ਜੈਵਿਕ ਰਾਸਾਇਣ ਹਨ : ਐਪਸੇਫਰੀਨ, ਨਾਰੇਪਨੇਫਰੀਨ ਅਤੇ ਡੋਪਾਮਿਨ . ਇਹ ਰਸਾਇਣ ਦਿਮਾਗ ਵਿਚ ਮਾਰਫਿਨ ਵਾਂਗ ਕੁਦਰਤੀ ਸੰਵੇਦਨਕਾਰੀ 'ਐਂਡਰੋਫਿਨ' ਨੂੰ ਪ੍ਰੇਰਤ ਕਰਦੇ ਹਨ। ਐਂਡਰੋਫਿਨ ਦਰਦ ਤੋਂ ਛੁਟਕਾਰਾ ਦਿਵਾਂਦੇ ਹਨ ਅਤੇ ਸੁੱਖ ਦਾ ਅਹਿਸਾਸ ਵੀ ਦਿਵਾਂਦਾ ਹੈ। ਤਜਰਬੇਕਾਰਾਂ ਦਾ ਵਿਚਾਰ ਹੈ ਕਿ ਹੱਸਣ ਦੀ ਕਿਰਿਆ ਇਹਨਾਂ ਜੈਵਿਕ ਰਸਾਇਣਾਂ ਦੁਆਰਾ ਸਰੀਰ ਨੂੰ ਲਾਭ ਪਹੁੰਚਾਂਦੀ ਹੈ ਅਤੇ ਜੋੜਾਂ ਦਰਦ (ਅਰਥ ਰਾਈਟਸ) ਅਤੇ ਕਰੌਨਿਕ ਅਲਰਜੀ ਵਰਗੇ ਅਨੇਕ ਰੋਗਾਂ ਤੋਂ ਮੁਕਤੀ ਦਿਵਾਂਦੀ ਹੈ।

ਸੰਸਾਰ ਵਿਚ ਪ੍ਰਸਿਧ ਸਟੈਨਫੋਰਡ ਮੈਡੀਕਲ ਸਕੂਲ ਦੇ ਮਨੋਵਿਗਿਆਨਕ ਵਿਭਾਗ ਦੇ ਡਾਕਟਰ ਵਿਲੀਅਮ ਫਰਾਇ ਦਾ ਤਾਂ ਇਥੋਂ ਤਕ ਕਹਿਣਾ ਹੈ ਕਿ ਹੱਸਣ ਤੋਂ ਬਿਨਾਂ ਜ਼ਿੰਦਗੀ ਹੀ ਨਹੀਂ ਹੈ। ਜੇਕਰ ਕੋਈ ਰੋਗੀ ਵਿਅਕਤੀ ਹੱਸਦਾ ਨਹੀਂ ਤਾਂ ਉਹ ਹੋਰ ਵੀ ਜ਼ਿਆਦਾ ਰੋਗੀ ਹੋ ਜਾਂਦਾ ਹੈ। ਉਹਨਾਂ ਦਾ ਕਹਿਣਾ ਹੈ ਕਿ "ਹਾਸਾ ਸਰੀਰ ਨੂੰ ਹਿਲਾ ਦਿੰਦਾ ਹੈ, ਜਿਸ ਨਾਲ ਸਰੀਰ ਵਿਚ ਅਤਿਅੰਤ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀ 'ਐਂਡੋਕਰੀਨ' (ਹਾਰਮੋਨਦਾਤਾ) ਪ੍ਰਣਾਲੀ ਸੁਚਾਰੂ ਰੂਪ ਨਾਲ ਚਲਣ ਲਗਦੀ ਹੈ। ਇਸ ਰੋਗ ਤੋਂ ਮੁਕਤੀ ਦਿਵਾਉਣ ਵਿਚ ਇਹ ਕਾਫੀ ਸਹਾਇਕ ਸਿਧ ਹੋ ਸਕਦਾ ਹੈ।

ਇਹਨਾਂ ਸਾਰੇ ਪ੍ਰਯੋਗਾਂ ਨੇ ਚਕਿਸਤਾ ਵਿਗਿਆਨ ਨੂੰ ਇਕ ਨਵਾਂ ਮੋੜ ਦਿਤਾ ਹੈ। ਇਸ ਤਰ੍ਹਾਂ ਦੇ ਰੋਗੀ ਜਿਹਨਾਂ ਦੇ ਜਿਉਣ ਦੀ ਸੰਭਾਵਨਾ ਨਹੀਂ ਦੇ ਬਰਾਬਰ ਹੁੰਦੀ ਹੈ। ਉਹਨਾਂ ਉਤੇ ਚਿਕਿਸਤਾ-ਤਜਰਬੇਕਾਰ ਹੱਸਣ ਦੀ ਅਨੂਠੀ ਕਿਰਿਆ ਨੂੰ ਉਪਚਾਰ ਸਵਰੂਪ ਅਪਣਾ ਰਹੇ ਹਨ। ਵਰਜੀਨੀਆਂ ਯੂਨੀਵਰਸਿਟੀ ਦੇ ਪ੍ਰਮੁਖ ਚਿਕਿਤਸਕ ਡਾਕਟਰ ਰੇਮੰਸ ਏ. ਮੂਡੀ ਨੇ ਆਪਣੀ ਕਿਤਾਬ 'ਲਾਫ ਆਫਟਰ ਲਾਫ, ਦੀ ਹੀਲਿੰਗ ਪਾਵਰਜ਼ ਆਫ ਹਯੂਮਰ" ਵਿਚ ਹੱਸਣ ਦੀ ਵਿਧੀ ਨਾਲ ਜੁੜੇ ਹੋਏ ਅਨੇਕ ਅਦਭੁਤ ਅਨੁਭਾਵਾਂ ਦਾ ਵਰਨਣ ਕੀਤਾ ਹੈ। ਇਕ ਪ੍ਰਯੋਗ ਵਿਚ ਮਾਨਸਿਕ ਰੋਗ ਨਾਲ ਪੀੜਤ ਇਕ ਬਾਰਾਂ ਸਾਲਾ ਲੜਕੀ ਨੂੰ ਜੋਕਰਾਂ ਦਾ ਖੇਲ ਦਿਖਾਇਆ ਗਿਆ। ਖੇਲ ਦੇਖਦੇ ਹੋਏ ਉਹ ਲੜਕੀ ਹੱਸਣ ਲਗ ਪਈ ਜਿਸ ਨਾਲ ਉਸਦੇ ਸਰੀਰ ਵਿਚ ਇਕ ਨਵੀਂ ਲਹਿਰ ਦੌੜ ਗਈ ਅਤੇ ਕੁਝ ਸਮੇਂ ਵਿਚ ਉਹ ਕਾਫੀ ਠੀਕ ਹੋ ਗਈ। ਇਕ ਹੋਰ ਪ੍ਰਯੋਗ ਵਿਚ ਡਾਕਟਰ ਮੂਡੀ ਨੇ ਇਹ ਗੱਲ ਮਹਿਸੂਸ ਕੀਤੀ ਕਿ ਕੈਂਸਰ ਵਾਲੇ ਰੋਗੀ ਵਿਚ ਜ਼ਰੂਰ ਹੀ ਕੁਝ ਦਿਨ ਹੱਸਣ ਬਾਅਦ ਟਯੂਮਰ ਹੌਲੀ ਹੌਲੀ ਘਟਣ ਲਗੇਗਾ।

ਅੱਜ ਕੱਲ ਅਮਰੀਕਾ ਦੇ ਸਿਹਤ ਕੇਂਦਰਾਂ ਵਿਚ ਹਾਸੇ ਅਤੇ ਸਿਹਤ ਸੰਬੰਧ ਦਾ ਭਰਪੂਰ ਪ੍ਰਯੋਗ ਕੀਤਾ ਜਾ ਰਿਹਾ ਹੈ। ਲਾਸ ਏਂਜਲਸ ਦੇ ਹਸਪਤਾਲ ਵਿਚ ਜਦੋਂ ਮਰੀਜ਼ ਨੂੰ ਛੁੱਟੀ ਦੇ ਦਿੱਤੀ ਜਾਂਦੀ ਹੈ ਤਾਂ ਉਸਨੂੰ ਇਹ ਨਿਰਦੇਸ਼ ਦਿਤਾ ਜਾਂਦਾ ਹੈ ਕਿ ਉਹ ਦਿਨ ਵਿਚ ਘੱਟੋ ਘੱਟ ਪੰਦਰਾਂ ਮਿੰਟ ਲਈ ਜ਼ਰੂਰ ਹੱਸੇ। ਕੈਲੇਫੋਰਨੀਆਂ ਦੇ ਇਕ ਬਜ਼ੁਰਗ ਲੋਕਾਂ ਦੇ ਘਰ ਵਿਚ ਨਿਯਮਤ ਰੂਪ ਨਾਲ ਹਾਸੇ ਨੂੰ ਦਵਾਈ ਦੇ ਰੂਪ ਵਿਚ ਦੇਣ ਲਈ ਹੱਸਣ ਵਾਲੀਆਂ ਕਿਤਾਬਾਂ, ਹਸਣ ਵਾਲੀਆਂ ਕਵਿਤਾਵਾਂ, ਕਾਰਟੂਨ ਅਤੇ ਹੱਸਣ ਵਾਲੀਆਂ ਤਸਵੀਰਾਂ ਵੀ ਵਿਖਾਈਆਂ ਜਾਂਦੀਆਂ ਹਨ।

ਡਾਕਟਰ ਫਰਾਇ, ਜੋ ਬਜ਼ੁਰਗਾਂ ਦੇ ਨਿਵਾਸ ਅਸਥਾਨ ਦੀ ਦੇਖ-ਭਾਲ ਕਰਦੇ ਹਨ, ਉਥੇ ਰਹਿਣ ਵਾਲੇ ਇਕ ਬਜ਼ੁਰਗ ਵਿਅਕਤੀ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ "ਇਹ ਹਾਸੇ ਦਾ ਹੀ ਸਿੱਟਾ ਹੈ ਕਿ ਮੈਂ ਅੱਜ ਤਕ ਜਿੰਦਾ ਹਾਂ।"

ਅਨੁਵਾਦ : ਮਿਸ ਹਰਤਨਵੀਰ ਕੌਰ ਬੈਂਸ


# BRAR NATURAL FLOOR MILLS

**—ਸ਼ੇਰੇ-ਪੰਜਾਬ ਡਰਮ ਕਣਕ ਦਾ ਆਟਾ—**

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

**ਫ਼ੋਨ : 204-632-5360**

**ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ**

**ਮੂਵੀਆਂ — ਟੇਪਾਂ**

**Ph. 775-6989**

830 - NOTRE DAME AVE. WINNIPEG, MAN.

# ਅਮਰੀਕੀ ਰਾਜਧਾਨੀ 'ਚ ਬੇਘਰੇ ਲੋਕ

ਵਾਸ਼ਿੰਗਟਨ — ਵਾਸ਼ਿੰਗਟਨ ਦੇ ਬੇਘਰ ਲੋਕਾਂ ਲਈ ਬਣੇ ਰੈਣਬਸੇਰੇ ਦੇ ਤਹਿਖਾਨੇ ਵਿਚ ਪਲਾਸਟਿਕ ਦੇ ਛੋਟੇ ਛੋਟੇ ਕਨਸਤਰ ਰਖੇ ਹੋਏ ਹਨ ਜਿਨ੍ਹਾਂ ਵਿਚ ਉਨ੍ਹਾਂ ਬੇਘਰ ਮਰਦ ਔਰਤਾਂ ਦੀਆਂ ਹੱਡੀਆਂ ਹਨ, ਜਿਹੜੇ ਰਾਜਧਾਨੀ ਦੀਆਂ ਮੁਖ ਪਦਵੀਆਂ ਉਤੇ ਸੁਤੇ ਅਤੇ ਫੇਰ ਕਦੇ ਨਾ ਉਠੇ, ਇਹ ਹਡੀਆਂ ਸੈਂਕੜੇ ਲੋਕਾਂ ਦੀਆਂ ਹਨ ਜਿਨ੍ਹਾਂ ਨੂੰ ਰੈਣਬਸੇਰਿਆਂ ਵਿਚ ਸਾਰੇ ਬਿਸਤਰੇ ਮਲੇ ਹੋਣ ਕਰਕੇ ਥਾਂ ਨਹੀਂ ਮਿਲਦੀ ਤੇ ਉਹਨਾਂ ਨੂੰ ਅਸਮਾਨ ਹੇਠ ਰਾਤਾਂ ਕੱਟਣੀਆਂ ਪੈਂਦੀਆਂ ਹਨ ।

ਵਾਸ਼ਿੰਗਟਨ ਵਿਚ 17 ਰੈਣ ਬਸੇਰੇ ਹਨ । ਜਿਹਨਾਂ ਵਿਚ 4000 ਬਿਸਤਰਿਆਂ ਦਾ ਇੰਤਜ਼ਾਮ ਹੈ ਜਦਕਿ ਬੇਘਰੇ ਲੋਕਾਂ ਦੀ ਗਿਣਤੀ 10-15 ਹਜ਼ਾਰ ਦੇ ਵਿਚਕਾਰ ਹੈ ।

ਜਦੋਂ ਇਸ ਸਾਲ ਬਰਫ ਪਟੜੀਆਂ ਤੇ ਵਿਛੀ ਹੋਈ ਹੈ ਤਾਂ ਇਹ ਬੇਘਰੇ ਲੋਕਾਂ ਲਈ ਸਭ ਤੋਂ ਮਨਹੂਸ ਦ੍ਰਿਸ਼ ਹੈ ਕੌਣ ਜਾਣਦਾ ਹੈ ਉਹਨਾਂ ਵਿਚੋਂ ਕਿੰਨੇ ਕਨਸਤਰਾਂ ਵਿਚ ਬੰਦ ਹੋ ਕੇ ਤਹਿਖਾਨਿਆਂ ਵਿਚ ਚਲੇ ਜਾਣਗੇ ।

ਬੇਘਰੇ ਲੋਕਾਂ ਲਈ ਆਵਾਜ਼ ਉਠਾਉਣ ਵਾਲੇ ਇਕ ਐਡਵੋਕੇਟ ਮਿਸ ਸਿੰਡਰ ਨੇ ਕਿ "ਇਹ ਸਾਡੀ ਸਰਕਾਰ ਦੀ ਗਰੀਬਾਂ ਲਈ ਘਰ ਨਾ ਉਸਾਰ ਸਕਣ ਦੀ ਨੀਤੀ ਦਾ ਸਿੱਟਾ ਹੈ ।"

ਮਿ: ਸਿੰਡਰ ਨੇ ਦੱਸਿਆ ਕਿ ਵਾਸ਼ਿੰਗਟਨ ਵਿਚ ਹਰ ਸਿਆਲ ਦੀ ਰੁਤੇ 4-5 ਬੰਦੇ ਠੰਡ ਨਾਲ ਆਕੜ ਕੇ ਮਾਰ ਜਾਂਦੇ ਹਨ । ਇਕ ਸਾਲ ਤਾਂ 16 ਆਦਮੀ ਮਰ ਗਏ ਸਨ ।

---

ਗਿਟੇ ਆਖਦਾ ਹੈ, "ਨੀਵੇਂ ਆਦਮੀਆਂ ਦਾ ਸੰਗ ਕੋਲਿਆਂ ਵਾਂਗ ਹੈ, ਠੰਢਾ ਹੁੰਦਾ ਹੋਇਆ ਕਾਲਸ ਲਾਉਂਦਾ ਹੈ ਤੇ ਗਰਮ ਹੋਣ 'ਤੇ ਫੂਕ ਦਿੰਦਾ ਹੈ ।"

ਕੋਈ ਆਦਮੀ ਸਭੇ ਗੱਲਾਂ ਛੁਪਾ ਸਕਦਾ ਹੈ, ਪਰ ਦੋ ਨਹੀਂ । ਇਕ ਨਸ਼ਾ ਪੀਤਾ ਅਤੇ ਦੂਜਾ ਪ੍ਰੇਮ ਕੀਤਾ ।



Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.




Editor: Darshan Kaur Bains

ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ
274-1213
ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ



PAUL'S PLUMBING, ELECTRICAL & HEATING SUPPLY




Plumbing & Bathroom
Fixtures & Supplies
Hot Water Tanks
Hot Water Heating & Supplies
And Instalations

*We cut and thread galvanized pipe*
*We Cut keys also.*

"Free customer parking at rear"

4774 Main Street, at 32th Ave., Vancouver, B.C.
Sales: 872-3118
Service: 872-7227
HINDI, Punjabi Spoken



■ BUYING ■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6


Malkit Dhami,
M.A. (Eco.)
Member of Prestigious M.L.S.
Medallion Club For 83-84 85-86



VANCOUVER
Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

Contact : Sukhdev S. Saini Ph. (604) 435-2421

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES

Bride & Groom Shop
216 E. 50th Ave. [Main St.] Vancouver
324-5662



3333 KINGSWAY AT JOYCE, VANCOUVER, B.C.

# ਗੋਰਬਾਚੋਵ ਦੇ ਨਵੰਬਰ ’ਚ ਦਿੱਲੀ ਆਉਣ ਦੀ ਆਸ

ਮਾਸਕੋ — ਇਥੋਂ ਦੇ ਜਾਣਕਾਰ ਹਲਕਿਆਂ ਅਨੁਸਾਰ ਪੂਰੀ ਸੰਭਾਵਨਾ ਹੈ ਕਿ ਸੋਵੀਅਤ ਆਗੂ ਮਿਖਾਈਲ ਗੋਰਬਾਚੋਵ ਅਮਨ, ਨਿਸ਼ਸ਼ਤਰੀਕਰਨ ਅਤੇ ਵਿਕਾਸ ਲਈ ਇੰਦਰਾ ਗਾਂਧੀ ਕੌਮਾਂਤਰੀ ਅਵਾਰਡ ਹਾਸਲ ਕਰਨ ਵਾਸਤੇ ਨਵੰਬਰ ਵਿਚ ਹਿੰਦ ਦਾ ਦੌਰਾ ਕਰਨਗੇ ਇਹਨਾਂ ਹਲਕਿਆਂ ਦਾ ਕਹਿਣਾ ਹੈ ਕਿ ਨਵੰਬਰ ਵਿਚ ਹਿੰਦ ਵਿਚ ਸੋਵੀਅਤ ਯੂਨੀਅਨ ਦੇ ਮੇਲੇ ਦਾ ਸਮਾਪਤੀ ਸਮਾਰੋਹ ਹੋਣਾ ਹੈ।

ਗੋਰਬਾਚੋਵ ਦੇ ਨਵੰਬਰ 1986 ਦੇ ਦੌਰੇ ਪਿਛੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮਾਸਕੋ ਦਾ ਦੌਰਾ ਕੀਤਾ ਸੀ ਜਦੋਂ ਉਹਨਾਂ ਸੋਵੀਅਤ ਯੂਨੀਅਨ ਵਿਚ ਭਾਰਤੀ ਮੇਲੇ ਦਾ ਉਦਘਾਟਨ ਕੀਤਾ ਸੀ। ਦਿੱਲੀ ਵਿਚ ਸੋਵੀਅਤ ਮੇਲੇ ਦਾ ਉਦਘਾਟਨ ਸੋਵੀਅਤ ਪ੍ਰਧਾਨ ਮੰਤਰੀ ਨਿਕੋਲਾਈ ਰਿਜ਼ਕੋਵ ਨੇ ਕੀਤਾ ਸੀ।

ਉਪ ਰਾਸ਼ਟਰਪਤੀ ਅਤੇ ਇਨਾਮ ਬਾਰੇ ਕੌਮਾਂਤਰੀ ਜਿਊਰੀ ਦੇ ਚੇਅਰਮੈਨ ਡਾ: ਸ਼ੰਕਰ ਦਿਆਲ ਸ਼ਰਮਾ ਦੇ ਹਵਾਲੇ ਨਾਲ ਇਕ ਸੋਵੀਅਤ ਰਸਾਲੇ ਨੇ ਲਿਖਿਆ ਸੀ ਕਿ ਹਿੰਦ ਨੂੰ ਆਸ ਹੈ ਕਿ ਗੋਰਬਾਚੋਵ ਖੁਦ ਇਨਾਮ ਪਰਾਪਤ ਕਰਨ ਲਈ ਦਿੱਲੀ ਆਉਣਗੇ।

# ਇਟਲੀ 325 ਕਰੋੜ ਦਾ ਕਰਜ਼ਾ ਦੇਵੇਗਾ

ਨਵੀਂ ਦਿੱਲੀ — ਹਿੰਦ ਅਤੇ ਇਟਲੀ ਨੇ ਤਿੰਨ ਯਾਦ ਪੱਤਰਾਂ ਉਤੇ ਦਸਤਖਤ ਕੀਤੇ ਜਿਹਨਾਂ ਵਿਚ ਇਕ ਊਰਜਾ ਸੈਕਟਰ ਲਈ 325 ਕਰੋੜ ਰੁਪਏ ਦਾ ਰਿਆਇਤੀ ਸ਼ਰਤਾਂ ਵਾਲੇ ਕਰਜ਼ੇ ਬਾਰੇ ਹੈ। ਸਮਝੌਤੇ ਤੇ ਦਸਤਖਤ ਬਦੇਸ਼ ਰਾਜ ਮੰਤਰੀ ਐਡੂਅਰਡੋ ਫਲੀਰੋ ਤੇ ਇਟਲੀ ਦੇ ਬਦੇਸ਼ ਮੰਤਰੀ ਗਿਉਲਿਉ ਐਨਦਰੇਓਤੀ ਦੀ ਮੌਜੂਦਗੀ ਵਿਚ ਹੋਏ।

# ਇੰਕਾ ਆਗੂ ਵਲੋਂ ਬਾਦਲ ਦੀ ਗ੍ਰਿਫਤਾਰੀ ਦੀ ਮੰਗ

ਅੰਮ੍ਰਿਤਸਰ — ਕਾਂਗਰਸ (ਆਈ) ਦੇ ਵਿਧਾਇਕ ਸ੍ਰੀ ਦਰਬਾਰੀ ਲਾਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੇ ਸਾਬਕ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਵਿਚ ਘਿਰਣਾ ਦਾ ਵਾਤਾਵਰਣ ਪੈਦਾ ਕੀਤੇ ਜਾਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਜਾਏ। ਉਹਨਾਂ ਆਖਿਆ ਕਿ ਇਤਿਹਾਸ ਗਵਾਹ ਹੈ ਕਿ ਕਾਂਗਰਸ ਦੇ ਕਿਸੇ ਵੀ ਨੇਤਾ ਨੇ ਆਜ਼ਾਦੀ ਤੋਂ ਪਹਿਲਾਂ ਉਤਰੀ ਭਾਰਤ ਵਿਚ ਅਜਿਹਾ ਇਲਾਕਾ ਜਿਥੇ ਸਿੱਖ ਆਜ਼ਾਦੀ ਦਾ ਅਨੰਦ ਮਾਣ ਸਕਣ ਦੇਣ ਦਾ ਭਰੋਸਾ ਨਹੀਂ ਦਿੱਤਾ ਸੀ

ਉਹਨਾਂ ਆਖਿਆ ਕਿ ਬਾਦਲ ਸੰਵਿਧਾਨ ਪ੍ਰਤੀ ਕਈ ਪ੍ਰਕਾਰ ਦੇ ਸੰਦੇਹ ਪੈਦਾ ਕਰ ਰਹੇ ਹਨ ਜਦਕਿ ਇਹ ਸਚਾਈ ਹੈ ਕਿ ਉਹਨਾਂ ਨੇ ਦੋ ਵਾਰ ਪੰਜਾਬ ਦੇ ਮੁਖ ਮੰਤਰੀ ਬਨਣ ਸਮੇਂ ਇਸ ਸੰਵਿਧਾਨ ਦੀ ਸਹੁੰ ਚੁਕੀ ਸੀ। ਉਹਨਾਂ ਆਖਿਆ ਕਿ ਬਾਦਲ ਦੀਆਂ ਸਰਗਰਮੀਆਂ ਨਾਲ ਸ਼ਾਂਤੀ ਵਿਵਸਥਾ ਨੂੰ ਖਤਰਾ ਪੈਦਾ ਹੋ ਗਿਆ ਹੈ।

# ਪੰਜਾਬੀ ਕਹਾਣੀ ਲੇਖਕਾਂ ਦਾ ਪਹਿਲਾ ਵੱਡਾ ਮੇਲਾ

ਪੰਜਾਬੀ ਅਕਾਦਮੀ ਦਿੱਲੀ ਨੇ ਆਪਣੀ ਥੋੜ੍ਹੀ ਜਿਹੀ ਉਮਰ ਵਿਚ ਹੀ ਜ਼ਿਕਰਯੋਗ ਪ੍ਰਾਪਤੀਆਂ ਕਰ ਕੇ ਹੈਰਾਨੀ ਪੈਦਾ ਕਰ ਦਿੱਤੀ ਹੈ। ਸਭਿਆਚਾਰਕ ਸਮਾਗਮ, ਸਾਹਿਤਕ ਸਮਾਗਮ ਜਿਨ੍ਹਾਂ ਵਿਚ ਨਾਟਕ ਮੇਲੇ, ਕਵੀ ਦਰਬਾਰ, ਕਹਾਣੀ ਗੋਸ਼ਟੀਆਂ ਅਤੇ ਇਨ੍ਹਾਂ ਤੋਂ ਬਿਨਾਂ ਪੰਜਾਬੀ ਪੁਸਤਕਾਂ ਉਤੇ ਵੱਡੇ ਵੱਡੇ ਇਨਾਮ ਦੇ ਕੇ ਦਿੱਲੀ ਹੀ ਨਹੀਂ ਸਗੋਂ ਪੂਰੇ ਭਾਰਤ ਵਿਚ ਵਸਦੇ ਪੰਜਾਬੀਆਂ ਦਾ ਇਸ ਅਕਾਦਮੀ ਨੇ ਦਿਲ ਜਿੱਤ ਲਿਆ ਹੈ।

ਪੰਜਾਬੀ ਅਕਾਦਮੀ ਵਲੋਂ ਕਰਾਏ ਗਏ ਦੋ ਦਿਨਾਂ ਕਹਾਣੀ ਲੇਖਕ ਮੇਲੇ ਦੀ ਯਾਦ ਵੀ ਵਰ੍ਹਿਆਂ ਤੱਕ ਕਹਾਣੀ ਲੇਖਕਾਂ ਦੇ ਮਨਾਂ ਵਿਚ ਤਾਜ਼ਾ ਰਹੇਗੀ। ਸ਼ਾਇਦ ਹੀ ਇਹੋ ਜਿਹਾ ਵੱਡੀ ਪੱਧਰ ’ਤੇ ਨਿਰੋਲ ਇਕ ਸਿਨਫ ਲਿਖਣ ਵਾਲੇ ਲੇਖਕਾਂ ਦਾ ਕਦੇ ਕੋਈ ਸਮਾਗਮ ਹੋਇਆ ਹੋਵੇ। ਦੋ ਦਿਨਾਂ ਲਈ ਦਿੱਲੀ ਦੇ ਤ੍ਰਿਵੇਣੀ ਹਾਲ ਵਿਚ ਭਾਰਤ ਤੇ ਪਾਕਿਸਤਾਨ ਤੋਂ ਪੁਜੇ। ਢਾਈ ਸੌ ਦੇ ਕਰੀਬ ਕਹਾਣੀ ਲੇਖਕਾਂ ਦੇ ਇਸ ਸਮਾਗਮ ਦੀ ਸਫਲਤਾ ਸਮੁੱਚੇ ਤੌਰ ’ਤੇ ਭਾਵੇਂ ਪੰਜਾਬੀ ਅਕਾਦਮੀ ਦਾ ਉਦਮ ਹੀ ਗਿਣਿਆ ਜਾਵੇਗਾ ਪਰ ਪੰਜਾਬੀ ਦੀ ਪ੍ਰਸਿੱਧ ਕਹਾਣੀ ਲੇਖਕਾ ਅਜੀਤ ਕੌਰ ਮੁਖ ਤੌਰ ’ਤੇ ਇਸ ਸਫਲਤਾ ਦੇ ਨਾਲ ਖੜ੍ਹੀ ਹੈ। ਸਿਰਫ ਕਹਾਣੀਕਾਰਾਂ ਨੂੰ ਹੀ ਇਕੱਠੇ ਕਰਨਾ, ਦੋ ਦਰਜਨ ਦੇ ਕਰੀਬ ਕਹਾਣੀਆਂ ਪੜ੍ਹਨਾ ਅਤੇ ਪੁੱਜੇ ਲੇਖਕਾਂ ਨੂੰ ਚੰਗੇ ਮਿਹਨਤਾਨੇ ਨਾਲ ਨਿਵਾਜਣ ਪਿਛੇ ਦਰਅਸਲ ਅਜੀਤ ਕੌਰ ਦਾ ਹੀ ਹੱਥ ਸੀ। ਇਸ ਮੌਕੇ ਉਪਰ ਪੰਜਾਬੀ ਦੇ ਮੋਢੀ ਕਹਾਣੀਕਾਰ ਪ੍ਰਿ. ਸੰਤ ਸਿੰਘ ਸੇਖੋਂ, ਪ੍ਰਿ. ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ ਤੇ ਦੇਵਿੰਦਰ ਸਤਿਆਰਥੀ ਮੁੱਖ ਪ੍ਰਾਹੁਣਿਆਂ ਵਾਂਗ ਹਾਜ਼ਰ ਸਨ। ਵਿਦੇਸ਼ੀ ਪ੍ਰਾਹੁਣਿਆਂ ਵਿਚ ਪਾਕਿਸਤਾਨ ਵਿਚ ਪੰਜਾਬੀ ਵਿਚ ਲਿਖਣ ਵਾਲਿਆਂ ’ਚੋਂ ਪ੍ਰਸਿੱਧ ਅਤੇ ਚਰਚਿਤ ਨਾਵਲਕਾਰ ਫ਼ਖਰ ਜ਼ਮਾਨ, ਮੁਹੰਮਦ ਮਨਸ਼ਾ ਯਾਦ, ਅਫਜ਼ਲ ਅਹਿਸਨ ਰੰਧਾਵਾ ਅਤੇ ਸਿਬਤੁਲ ਹਸਨ ਜ਼ੈਗਮ ਹਾਜ਼ਰ ਸਨ।

ਇਸ ਕਹਾਣੀ ਸਮਾਗਮ ਦੇ ਪਹਿਲੇ ਦਿਨ ਅਜੀਤ ਕੌਰ ਦੇ ਕਾਵਿਮਈ ਸੁਆਗਤੀ ਭਾਸ਼ਨ ਨਾਲ ਪਹਿਲਾ ਸੈਸ਼ਨ ਸ਼ੁਰੂ ਹੋਇਆ ਜਿਸ ਦੀ ਪ੍ਰਧਾਨਗੀ ਪ੍ਰਿ. ਸੰਤ ਸਿੰਘ ਸੇਖੋਂ ਨੇ ਕੀਤੀ “ਇਹ ਸਾਡੇ ਦੋਸਤ, ਇਹ ਸਾਡੇ ਅਜ਼ੀਜ਼ ਜੋ ਫਾਈਲਾਂ ਦਾ ਸਮੁੰਦਰ ਉਲੰਘ ਕੇ ਪੁਜੇ ਨੇ, ਇਹ ਸਾਡੇ ਮੁਹੱਬਤਾਂ ਵਾਲੇ ਜੋ ਪਾਬੰਦੀਆਂ ਤੇ ਮਨਾਹੀਆਂ ਦੀਆਂ ਕੰਧਾਂ ਉਲੰਘ ਇਥੇ ਆਏ ਨੇ, ਮੇਰੀਆਂ ਖੁੱਲ੍ਹੀਆਂ ਬਾਹਾਂ ਇਨ੍ਹਾਂ ਨੂੰ ਜੀ ਆਇਆਂ ਆਖਦੀਆਂ ਨੇ ....” ਇਹ ਸ਼ਬਦ, ਇਹ ਬੋਲ ਸਿਰਫ ਅਜੀਤ ਕੌਰ ਬੋਲ ਸਕਦੀ ਹੈ... ਉਹ ਖੁਸ਼ੀ ਵਿਚ ਖੀਵੀ ਹੋਈ ਸਟੇਜ ’ਤੇ ਖੜ੍ਹੀ ਹੈ।

ਜਸਵੰਤ ਸਿੰਘ ਕੰਵਲ ਨੇ ਢਾਈ ਢਾਈ... ਹਜ਼ਾਰ ਤੇ ਲੋਈਆਂ ਰੰਧਾਵਾ ਤੇ ਫਖਰ ਜ਼ਮਾਨ ਨੂੰ ਭੇਟ ਕੀਤੀਆਂ। ਇਸ ਮੌਕੇ ’ਤੇ ਅਫਜ਼ਲ ਅਹਿਸਨ ਨੇ ਭਾਵ ਪੂਰਤ ਤਕਰੀਰ ਕੀਤੀ ਅਤੇ ਫਖਰ ਜ਼ਮਾਨ ਨੇ ਪਾਕਿਸਤਾਨੀ ਪੰਜਾਬੀ ਕਹਾਣੀ ਬਾਰੇ ਪਰਚਾ ਪੜ੍ਹਿਆ। ਅਫਜ਼ਲ ਅਹਿਸਨ ਰੰਧਾਵਾ ਨੇ ਆਪਣੀ ਕਹਾਣੀ ‘ਸੂਰਨੀ’ ਪੜ੍ਹੀ ਅਤੇ ਮੁਹੰਮਦ ਮਨਸ਼ਾ ਯਾਦ ਨੇ ‘ਪੋਲੀਬੀਨ’ ਕਹਾਣੀ ਪੇਸ਼ ਕੀਤੀ। ਇਸ ਸਮੇਂ ਕੁਲਵੰਤ ਸਿੰਘ ਵਿਰਕ ਦੇ ਵਿਛੋੜੇ ’ਚ ਮੋਨ ਧਾਰਿਆ ਗਿਆ

ਦੂਸਰੇ ਸੈਸ਼ਨ ਦੀ ਪ੍ਰਧਾਨਗੀ ਪ੍ਰਿ. ਸੁਜਾਨ ਸਿੰਘ ਨੇ ਕੀਤੀ ਅਤੇ ਡਾ. ਸਤਿੰਦਰ ਸਿੰਘ ਨੂਰ ਨੇ ਪੰਜਾਬੀ ਕਹਾਣੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰੇਮ ਪ੍ਰਕਾਸ਼ ਨੇ ਕਹਾਣੀ ਪੜ੍ਹੀ ‘ਅਰਜਨ ਛੇੜ ਗੰਡੀਰਨਾ’, ਮਨਮੋਹਨ ਸਿੰਘ ਨੇ ‘ਕਾਲਾ ਤਿੱਤਰ’, ਵਰਿਆਮ ਸਿੰਘ ਸੰਧੂ ਨੇ ‘ਚੌਥੀ ਕੂਟ’। ਤੀਸਰੇ ਸੈਸ਼ਨ ਦੀ ਪ੍ਰਧਾਨਗੀ ਸੰਤੋਖ ਸਿੰਘ ਧੀਰ ਨੇ ਕੀਤੀ। ਇਸ ਮੌਕੇ ’ਤੇ ਬਲਦੇਵ ਸਿੰਘ ਨੇ ‘ਚੌਂਕ ਵਿਚੋਂ ਦਿੱਸਦਾ ਸ਼ਹਿਰ’, ਮੋਹਨ ਭੰਡਾਰੀ ਨੇ ‘ਦੂਜੀ ਮੌਤ’, ਰਾਮ ਸਰੂਪ ਅਣਖੀ ਨੇ ‘ਉਜੜੀ ਉਖੜੀ’, ਜਸਬੀਰ ਸਿੰਘ ਭੁੱਲਰ ਨੇ ‘ਜਵਾਬੀ ਹਮਲਾ’ ਅਤੇ ਜਸਵੰਤ ਸਿੰਘ ਵਿਰਦੀ ਨੇ ‘ਟੀਪੂ ਸੁਲਤਾਨ ਕਿਥੇ ਹੈ’ ਪੜ੍ਹੀ। ਚਾਹ ਤੋਂ ਬਾਅਦ ਪ੍ਰਗਟ ਸਿੰਘ ਸਿੱਧੂ ਨੇ ‘ਸਕੂਨ’, ਜਗਜੀਤ ਨੇ ‘ਕਿਸੇ ਮਿੱਠੀ ਹਵਾ ਦਾ ਬੁੱਲ੍ਹਾ’, ਨ੍ਰਿਪਇੰਦ੍ਰ ਰਤਨ ਨੇ ‘ਹੁਣ ਮੁੜ ਨਹੀਂ’, ਤਾਰਨ ਗੁਜਰਾਲ.ਨੇ ਧੂੰਆਂ ’ਤੇ ਰਾਜ ਗਿੱਲ ਦੀ ਕਹਾਣੀ ਅਜੀਤ ਕੌਰ ਨੇ ਪੜ੍ਹੀ।

ਇਸ ਸਮਾਗਮ ਦਾ ਦੂਜਾ ਦਿਨ . ਪ੍ਰਧਾਨਗੀ ਸੰਤੋਖ ਸਿੰਘ ਧੀਰ ਨੇ ਕੀਤੀ ਅਤੇ ਪੰਜਾਬੀ ਕਹਾਣੀ ਬਾਰੇ ਡਾ. ਰਘਬੀਰ ਸਿੰਘ ਸਿਰਜਣਾ ਨੇ ਪੇਪਰ ਪੜ੍ਹਿਆ। ਇਸ ਤੋਂ ਬਾਅਦ ਗੁਰਦੇਵ ਸਿੰਘ ਰੁਪਾਣਾ ਨੇ ‘ਰੋਟੀ’ ਕਹਾਣੀ ਪੜ੍ਹੀ। ਗੁਰਬਚਨ ਸਿੰਘ ਭੁੱਲਰ ਨੇ ‘ਇਕੀਵੀਂ ਸਦੀ’, ਗੁਲਜ਼ਾਰ ਸਿੰਘ ਸੰਧੂ ਨੇ ‘ਪਤਨੀ ਤਾਂ ਮਾਂ ਨਹੀਂ ਸੀ’, ਮੁਖਤਾਰ ਗਿੱਲ ਨੇ ‘ਡੁੱਬਣ ਤੋਂ ਪਹਿਲਾਂ’, ਦੇਵ ਭਾਰਦਵਾਜ ਨੇ ‘ਦਰੋਣਾਚਾਰੀਆ ਹਾਜ਼ਰ ਹੋ’, ਜੁਗਿੰਦਰ ਸਿੰਘ ਕੈਰੋਂ ਨੇ ‘ਮੈਨੂੰ ਮਾਫ ਕਰ ਦੇਣਾ ਪਾਪਾ’, ਦਲਬੀਰ ਚੇਤਨ ਨੇ ‘ਧਰਮ ਯੁੱਧ ਜਾਰੀ ਹੈ’, ਸ਼ਰਨ ਮਕੜ ਨੇ ‘ਰੌਂਗ ਨੰਬਰ’, ਪ੍ਰੇਮ ਗੋਰਖੀ ਨੇ ‘ਕੁੰਡਾ’, ਨਛੱਤਰ ਨੇ ‘ਆਪਣੀ ਮਿੱਟੀ’ ਅਮਰਜੀਤ ਸਿੰਘ ਅਕਸ ਵਾਲੇ ਨੇ ‘ਸ਼ਕਤੀ’ ਕਹਾਣੀ ਪੜ੍ਹ ਕੇ ਪੰਜਾਬੀ ਕਹਾਣੀ ਸਮਾਗਮ ਦਾ ਅੰਤਮ ਪੜਾਅ ਤੈਅ ਕੀਤਾ।

ਦੂਜਾ ਸੈਸ਼ਨ ਹਿੰਦੀ ਤੇ ਉਰਦੂ ਕਹਾਣੀ ਦਾ ਸ਼ੁਰੂ ਹੋਇਆ ਜਿਸ ਦੀ ਪ੍ਰਧਾਨਗੀ ਉਰਦੂ ਲੇਖਕ ਗਲਸ਼ੇਰ ਖਾਨ ਸ਼ਾਨੀ ਨੇ ਕੀਤੀ। ਇਸ ਮੌਕੇ ’ਤੇ ਮੁਹੰਮਦ ਮਨਸ਼ਾ ਯਾਦ ਨੇ ਪਾਕਿਸਤਾਨੀ ਉਰਦੂ ਕਹਾਣੀ ਦੀ ਪ੍ਰਤੀਨਿਧਤਾ ਕੀਤੀ ਤੇ ‘ਸ਼ੀਆਂ ਪੱਤਣ ਮੱਲੇ’ ਉਰਦੂ ਕਹਾਣੀ ਪੜ੍ਹੀ। ਫਖਰ ਜ਼ਮਾਨ ਨੇ ਆਪਣੇ ਨਵੇਂ ਨਾਵਲ ਬੇਵਤਨਾ ਦੇ ਦੋ ਸਫੇ ਪੜ੍ਹੇ। ਸਿਬਤੁਲ ਹਸਨ ਜ਼ੈਗਮ ਨੇ ਪੰਜਾਬੀ ਕਹਾਣੀ ਬਾਰੇ ਦੱਸਿਆ। ਹਿੰਦੀ ਵਲੋਂ ਮਿਰਨਾਲ ਪਾਂਡੇ, ਚਿਤਰਾ ਮੋਦਗਿਲ, ਹਮਾਂਸ਼ੂ ਜੋਸ਼ੀ, ਤੇ ਜੁਗਿੰਦਰ ਪਾਲ ਨੇ ਕਹਾਣੀਆਂ ਪੜ੍ਹੀਆਂ।

ਇਸ ਮੌਕੇ ’ਤੇ ਢਾਈ ਸੌ ਦੇ ਕਰੀਬ ਕਹਾਣੀ ਲੇਖਕ ਜੁੜੇ ਹੋਏ ਸਨ। ਇਹ ਸਮਾਗਮ ਕਾਹਦਾ ਸੀ, ਕਹਾਣੀਕਾਰਾਂ ਦਾ ਕੌਮਾਂਤਰੀ ਮੇਲਾ ਸੀ ਜੋ ਸ਼ਾਮਲ ਹੋਣ ਵਾਲਿਆਂ ਦੇ ਚੇਤਿਆਂ ਵਿਚ ਸਦਾ ਤਾਜ਼ਾ ਰਹੇਗਾ।

ਪ੍ਰੇਮ ਗੋਰਖੀ

# ਸ਼ਹਿਰੀ ਅਤਿਵਾਦ ਵਿਰੁਧ ਫੌਜ ਨੂੰ ਸਿਖਲਾਈ

ਪੂਰਬੀ ਸੈਕਟਰ ਵਿਚ ਕਿਸੇ ਥਾਂ ਤੋਂ ਸ੍ਰੀਲੰਕਾ ਵਿਚੋਂ ਹਾਸਲ ਕੀਤੇ ਤਜਰਬੇ ਮਗਰੋਂ ਭਾਰਤੀ ਫੌਜਾਂ ਨੇ ਜੰਗਲਾਂ ਤੇ ਪਹਾੜੀ ਖੇਤਰਾਂ ਵਿਚ ਲੜੀ ਜਾਣ ਵਾਲੀ ਜੰਗ ਦੇ ਨਾਲ ਨਾਲ ਸ਼ਹਿਰੀ ਖੇਤਰਾਂ ਵਿਚ ਦਹਿਸ਼ਤਗਰਦਾਂ ਨੂੰ ਨੱਥ ਪਾਉਣ ਸੰਬੰਧੀ ਵਿਸ਼ੇਸ਼ ਟਰੇਨਿੰਗ ਦੇ ਕੋਰਸ ਵੀ ਅਰੰਭ ਕਰ ਦਿੱਤੇ ਹਨ। ਇਸ ਸਬੰਧੀ ਇਕ ਸਕੂਲ ਮੀਜ਼ੋਰਮ ਦੀਆਂ ਹਰੀਆਂ ਭਰੀਆਂ ਪਹਾੜੀਆਂ ਵਿਚ ਚਾਲੂ ਕੀਤਾ ਗਿਆ ਹੈ ਜੋ ਕਦੇ ਭਾਰਤੀ ਫੌਜਾਂ ਦਾ ਸਚੀ ਮੁੱਚੀ ਲੜਾਈ ਦਾ ਮੈਦਾਨ ਸੀ।

ਇਸ ਕਿਸਮ ਦੇ ਦੁਨੀਆਂ ਵਿਚ ਕੁਝ ਹੀ ਸਕੂਲ ਹਨ ਜਿਸ ਦਾ ਪਿਛਲੇ ਦਿਨੀਂ ਪੱਤਰਕਾਰਾਂ ਨੇ ਦੌਰਾ ਕੀਤਾ ਸੀ। ਸਕੂਲ ਦੇ ਕਮਾਂਡ ਮੇਜਰ ਜਨਰਲ ਵੀ ਪੀ ਆਇਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹੁਣ ਸ੍ਰੀਲੰਕਾ ਦੀ ਅਮਨ ਫੌਜ ਵਿਚ ਹਿੱਸਾ ਲੈਣ ਵਾਲੇ ਸਿਪਾਹੀ ਇਸ ਸਕੂਲ ਤੋਂ 3-4 ਹਫਤੇ ਦੇ ਕੋਰਸ ਮਗਰੋਂ ਭੇਜੇ ਜਾਂਦੇ ਹਨ।

ਹਵਾ ਦਾ ਦੋਸ਼ ਨਈਂ ਕੋਈ ਤਾਂ ਕਿਸ ਦਾ ਦੋਸ਼ ਹੈ ਦੱਸ ?
ਬੁਝਾਏ ਜਗਮਗਾਂਦੇ ਦੀਪ ਰਾਤੀਂ ਨੇਰੀਆਂ ਨੇ ਕਿਉਂ ?




MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating? Turn Down?
NO PROBLEM
Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.
8 YEARS EXPERIENCE
SHERALI VELJI
Monday to Friday 9.30 to 5.30
Saturday 11-4
Ph. 433-6391
Ste. 300-3665 Kingsway Vancouver, B.C
Res: 433-7975

CHANGE OF NAME, ਅਸੀਂ ਤੁਹਾਡਾ ਨਾਮ ਭਾਰਤ ਦੇ ਅਖਬਾਰ ਵਿਚ ਵੀ ਛਪਵਾ ਸਕਦੇ ਹਾਂ

GM WESTMINSTER
12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ
ਗੁਰਜੀਤ ਬਾਵਾ ਢੀਂਡਸਾ
ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।
● ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

FOR BEST DEAL & BEST SERVICE





ਗੁਰਜੀਤ ਢੀਂਡਸਾ ਬਾਵਾ

# ਭਾਰਤੀ ਰਾਜਨੀਤੀ ਵਿਚ ਨਵਾਂ ਮੋੜ

**ਸੂਫ਼ੀ ਅਮਰਜੀਤ**

ਭਾਰਤ ਨੂੰ ਗਣਰਾਜ ਬਣਿਆਂ 38 ਸਾਲ ਹੋ ਚੱਲੇ ਹਨ। ਇਸ ਵੇਲੇ ਭਾਰਤ ਨੂੰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਮੱਸਿਆਵਾਂ ਭਾਰਤ ਵਿਚ ਦੀ ਹਾਕਮ ਪਾਰਟੀ ਕਾਂਗਰਸ ਦੀਆਂ ਨੀਤੀਆਂ ਦੇ ਦਵਾਲੀਏਪਨ ਚੋਂ ਪੈਦਾ ਹੋਈਆਂ ਹਨ। ਇਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਭਾਰਤ ਦੇ ਪੂੰਜੀਪਤੀ, ਜਾਗੀਰਦਾਰ, ਰਾਜੇ-ਰਜਵਾੜੇ, ਵਪਾਰੀ, ਨੌਕਰਸ਼ਾਹੀ ਆਦਿ ਤਾਂ ਮਾਲੋ ਮਾਲ ਹੋ ਗਏ ਹਨ ਤੇ ਸਾਰੀਆਂ ਮੁਸ਼ਕਲਾਂ ਲੋਕਾਂ ਉਪਰ ਲੱਦ ਦਿੱਤੀਆਂ ਗਈਆਂ ਹਨ।

1977 ਵਿਚ ਜਨਤਾ ਪਾਰਟੀ ਦੀ ਸਰਕਾਰ ਬਣਨ ਨਾਲ ਇਕ ਹਕੀਕਤ ਇਹ ਸਾਹਮਣੇ ਆਈ ਸੀ ਕਿ ਕਾਂਗਰਸ ਦਾ ਰਾਜ ਬਦਲਿਆ ਜਾ ਸਕਦਾ ਹੈ ਅਤੇ ਲੋਕ ਕਾਂਗਰਸ ਦੇ ਰਾਜ ਤੋਂ ਅਤੀ ਦੁੱਖੀ ਹਨ। ਪਰ ਨਾਲ ਹੀ ਇਹ ਗੱਲ ਜਨਤਾ ਪਾਰਟੀ ਦੇ ਰਾਜ ਦੇ ਟੁੱਟਣ ਨੇ ਸਿੱਧ ਕਰ ਦਿੱਤੀ ਕਿ ਕਾਂਗਰਸ ਦੀ ਥਾਂ ਤੇ ਕੋਈ ਪਾਰਟੀ, ਕਾਂਗਰਸ ਵਾਲੀਆਂ ਨੀਤੀਆਂ ਉਪਰ ਚੱਲ ਕੇ ਨਾ ਲੋਕਾਂ ਦੀ ਹਾਲਤ ਸੁਧਾਰ ਸਕਦੀ ਹੈ ਅਤੇ ਨਾ ਹੀ ਰਾਜ ਸੱਤਾ ਵਿਚ ਕਾਇਮ ਰਹਿ ਸਕਦੀ ਹੈ।

ਜਨਤਾ ਪਾਰਟੀ ਦਾ ਰਾਜ ਏਸੇ ਲਈ ਖਤਮ ਹੋਇਆ ਕਿ ਉਹ ਲੋਕਾਂ ਦੀਆਂ ਇਛਾਵਾਂ ਦੀ ਪੂਰਤੀ ਨਾ ਕਰ ਸਕੀ। ਜਨਤਾ ਪਾਰਟੀ ਵਿਚ ਭਾਰੂ ਪਾਰਟੀ ਜਨ-ਸੰਘ ਸੀ, ਜੋ ਕਿ ਜਿਥੇ ਇਕ ਫਿਰਕੂ ਪਾਰਟੀ ਸੀ (ਹੁਣ ਜਨ ਸੰਘ, ਭਾਰਤੀ ਜਨਤਾ ਪਾਰਟੀ ਦੇ ਨਾਂ ਹੇਠ ਕੰਮ ਕਰ ਰਹੀ ਹੈ) ਉਥੇ ਉਹ ਅਮਰੀਕੀ ਸਾਮਰਾਜੀਆਂ ਅਤੇ ਜ਼ਾਇਨਵਾਦੀ ਇਸਰਾਈਲੀਆਂ ਨਾਲ ਹੇਜ ਰੱਖਣ ਵਾਲੀ ਪਾਰਟੀ ਵੀ ਸੀ (ਹੈ)। ਜੋ ਕਿ ਆਮ ਲੋਕਾਂ ਨੂੰ ਹਿੰਦੂ ਗਲਬੇ ਦੇ ਹੇਠ ਰੱਖਣ ਦੀਆਂ ਨੀਤੀਆਂ ਉਪਰ ਚਲਦੀ ਹੋਈ, ਮੁਸਲਮਾਨਾਂ ਅਤੇ ਇਸਾਈਆਂ ਦੀ ਇਥੋਂ ਤੱਕ ਕੱਟੜ ਵਿਰੋਧੀ ਹੈ ਕਿ ਉਹ ਖੁਲ੍ਹੇ ਤੌਰ ਉਪਰ ਇਨ੍ਹਾਂ ਨੂੰ ਭਾਰਤੀ ਮੰਨਣ ਲਈ ਤਿਆਰ ਨਹੀਂ ਹੈ। ਪੰਜਾਬ ਵਿਚ ਅਕਾਲੀ ਪਾਰਟੀ ਨਾਲ ਇਨ੍ਹਾਂ ਹਮੇਸ਼ਾਂ ਹੀ ਸਾਂਝੀ ਸਰਕਾਰ ਬਣਾਈ ਹੈ। ਇਥੇ ਇਹ ਵੀ ਸਪਸ਼ਟ ਕਰ ਦੇਣ ਯੋਗ ਹੀ ਹੈ ਕਿ ਭਾਰਤੀ ਜਨਤਾ ਪਾਰਟੀ ਅਤਿ ਦੀ ਕਮਿਊਨਿਸਟ ਵਿਰੋਧੀ ਪਾਰਟੀ ਹੈ।

ਜਨਤਾ ਸਰਕਾਰ ਤੋਂ ਪਿਛੋਂ ਇੰਦਰਾ ਸਰਕਾਰ ਆਈ। ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਮਗਰੋਂ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਅਤੇ ਉਸ ਨੇ ਇੰਦਰਾ-ਕਤਲ ਦੀ ਘਟਨਾ ਨੂੰ ਵਰਤਕੇ ਪਾਰਲੀਮੈਂਟ ਵਿਚ ਵੱਡੀ ਜਿੱਤ ਪ੍ਰਾਪਤ ਕੀਤੀ।

ਭਾਰਤ ਨੂੰ ਦਰਪੇਸ਼ ਬਹੁਤੀਆਂ ਮੁਸ਼ਕਲਾਂ ਤਾਂ ਆਰਥਕ ਤੇ ਸਮਾਜਕ ਹਨ, ਪ੍ਰੰਤੂ ਇਨ੍ਹਾਂ ਨੂੰ ਰਾਜਨੀਤਕ ਸਮੱਸਿਆਵਾਂ ਬਣਨ ਵਿਚ ਇੰਦਰਾ-ਸਰਕਾਰ ਸਮੇਂ ਜੋ ਕੁਝ ਹੋਇਆ, ਉਹ ਭਾਵੇਂ ਲੋਕਾਂ ਨੂੰ ਆਪਸ ਵਿਚ ਪਾੜ ਕੇ ਰਾਜ ਕਰਨ ਦੀ ਬਦਨਾਮ ਨੀਤੀ ਦੇ ਕਾਰਨ ਹੋਇਆ, ਪ੍ਰੰਤੂ ਗੱਲ ਇਨੀ ਨਹੀਂ ਸੀ। ਇੰਦਰਾ-ਸਰਕਾਰ ਦੇ ਉਚ ਅਧਿਕਾਰੀ ਅਤੇ ਸਲਾਹ-ਕਾਰ ਸੀ. ਆਈ. ਏ. ਨੇ ਖਰੀਦ ਲਏ ਸਨ ਏਸੇ ਲਈ ਕੁਝ ਨੂੰ ਰਾਜੀਵ ਦੇ ਸਮੇਂ ਸਲਾਹਕਾਰੀ - ਉਚ ਅਹੁਦਿਆਂ ਤੋਂ ਹਟਾਇਆ ਵੀ ਗਿਆ ਪਰ ਕੁਝ ਹਟਾਏ ਗਏ ਉਚ-ਸਲਾਹਕਾਰਾਂ ਨਾਲ ਪ੍ਰਧਾਨ ਮੰਤਰੀ ਦਾ ਆਲਾ ਦੁਆਲਾ ਗ੍ਰਹਿ ਮੰਤ੍ਰੀਆਲਾ, ਖਜ਼ਾਨਾ ਵਿਭਾਗ, ਪਲੈਨਿੰਗ, ਰੱਖਿਆ, ਖੁਫੀਆ ਵਿਭਾਗ ਆਦਿ ਸਾਫ ਨਹੀਂ ਹੋ ਗਿਆ ਇਹ ਤਾਂ ਸੀ. ਆਈ. ਏ. ਨੇ ਖਰੀਦ ਲਏ ਦਸੇ ਜਾਂਦੇ ਹਨ। ਉਹ ਪ੍ਰਧਾਨ ਮੰਤਰੀ ਅਤੇ ਹੋਰਨਾਂ ਮੰਤਰੀਆਂ ਨੂੰ ਅਜਿਹੀ ਸਲਾਹ ਹੀ ਦਿੰਦੇ ਹਨ ਕਿ ਕੋਈ ਮਸਲਾ ਹੱਲ ਨਾ ਹੋਵੇ। ਪੰਜਾਬ ਦੇ ਮਸਲੇ ਦੇ ਸੰਬੰਧ ਵਿਚ ਤਾਂ ਗੱਲ ਹੋਰ ਵੀ ਦੂਹਰੀ ਸੱਟ ਹੇਠ ਆਉਂਦੀ ਹੈ। ਖਾਲਿਸਤਾਨੀ ਅਤਿਵਾਦੀਆਂ ਦਾ ਸਿਧਾ ਸੰਬੰਧ ਅਮਰੀਕੀ ਸਾਮਰਾਜ ਨਾਲ ਹੈ, ਹਾਲੇ ਪਿਛਲੇ ਦਿਨਾਂ ਵਿਚ ਅਮਰੀਕੀ ਕਾਂਗਰਸ ਅਤੇ ਸੈਨੇਟ ਨੇ ਖੁੱਲ੍ਹੇ ਤੌਰ ਉਪਰ 'ਟੇਢੇ' ਢੰਗ ਨਾਲ ਵੱਖਵਾਦੀਆਂ ਦਾ ਸਮਰਥਨ ਕੀਤਾ ਹੈ। ਬਦੇਸ਼ਾਂ ਵਿਚ ਕਈ ਗਰੁੱਪਾਂ ਦੇ ਸੀ ਆਈ ਏ ਨਾਲ ਸੰਬੰਧਾਂ ਦੇ ਚਰਚੇ ਅਖਬਾਰਾਂ ਵਿਚ ਅਕਸਰ ਹੁੰਦੇ ਰਹਿੰਦੇ ਹਨ।

ਪਹਿਲੇ ਦੋ ਸਾਲ ਤਾਂ ਰਾਜੀਵ ਨੇ ਭਾਰਤ ਨੂੰ ਇਸ ਸਦੀ ਦੇ 15 ਸਾਲ ਲੰਘਣ ਤੋਂ ਪਹਿਲਾਂ ਹੀ ਇੱਕਵੀਂ ਸਦੀ ਵਿਚ ਦਾਖਲ ਹੋਣ ਦੀ ਝੰਡੀ ਲਹਿਰਾ ਦਿੱਤੀ ਸੀ। ਜਿਸ ਤੋਂ ਬਹੁਤੇ ਲੋਕ ਅਮਰੀਕਾ ਵਰਗੇ ਪੂੰਜੀਵਾਦੀ ਦੇਸ਼ ਬਣਨ ਦੇ ਸੁਪਨੇ ਲੈਣ ਲੱਗੇ ਸਨ। ਇਸ ਸਮੇਂ ਉਨ੍ਹਾਂ ਭਾਰਤ ਦੀ ਆਬਾਦੀ ਦਾ 60 ਫੀਸਦੀ ਗਰੀਬੀ ਦੀ ਰੇਖਾ ਤੋਂ ਹੇਠ ਅਤੇ 64 ਫੀਸਦੀ ਅਨਪੜ੍ਹਤਾ ਦੀ ਅਗਿਆਨਤਾ ਵਿਚ ਰਹਿ ਰਹੇ, ਲੋਕਾਂ ਬਾਰੇ ਸ਼ਾਇਦ ਸੋਚਣ ਦੀ ਕੋਈ ਲੋੜ ਹੀ ਨਾ ਸਮਝੀ ਸੀ।

ਇਹ ਲੋਕ ਹੀ ਹਨ ਜੋ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਖੁਰਾਕ ਅਤੇ ਸਿਹਤ ਦੇ ਪੱਖੋਂ ਅਤਿ ਦੇ ਕਸ਼ਟਾਂ ਵਿਚ ਰਹਿ ਰਹੇ ਹਨ। ਇਹ ਲੋਕ ਹਨ ਜੋ ਹੁਣ ਮਹਿਸੂਸ ਕਰਨ ਲੱਗੇ ਹਨ ਕਿ ਕਾਂਗਰਸ ਸਰਕਾਰ ਦੇ 40 ਸਾਲਾ ਰਾਜ ਵਿਚ ਉਨ੍ਹਾਂ ਦੀ ਜ਼ਿੰਦਗੀ ਵਿਚ ਕੋਈ ਸੁਧਾਰ ਨਹੀਂ ਹੋਇਆ। ਕਰੋੜਾਂ ਦੀ ਗਿਣਤੀ ਵਿਚ ਨੌਜੁਆਨਾਂ ਦਾ ਜੀਵਨ-ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਉਨ੍ਹਾਂ ਲੋਕਾਂ ਵਿਚੋਂ ਕੁਝ ਗੁੰਮਰਾਹ ਹੋਏ ਲੋਕ-ਮਾਰੂ ਰਾਹ ਉਪਰ ਤੁਰ ਪਏ ਹਨ। ਪ੍ਰੰਤੂ ਇਕ ਵੱਡੀ ਗਿਣਤੀ ਨੌਜੁਆਨ ਦੇਸ਼ ਭਰ ਵਿਚ ਇਹ ਸਮਝ ਰਹੇ ਹਨ ਕਿ ਉਨ੍ਹਾਂ ਦਾ ਭਵਿਖ ਕਾਂਗਰਸ ਰਾਜ ਦੇ ਖਾਤਮੇ ਅਤੇ ਉਸ ਦੀ ਥਾਂ ਉਪਰ ਲੋਕਾਂ ਦੇ ਹਿੱਤਾਂ ਵਾਲੀ ਸਰਕਾਰ ਦੀ ਸਥਾਪਨਾ ਵਿਚ ਹੈ। ਉਹ ਇਹ ਵੀ ਸਮਝਦੇ ਹਨ ਕਿ ਦੇਸ਼ ਵਿਚ ਜੋ ਭਾਂਤ ਭਾਂਤ ਦੇ ਫਿਰਕੂ ਫਸਾਦ, ਵੰਡਵਾਦੀ-ਵੱਖਵਾਦੀ ਲਹਿਰਾਂ ਉਠ ਰਹੀਆਂ ਹਨ ਉਹ ਹਾਕਮਾਂ ਦੀ ਉਮਰ ਲੰਮੀ ਕਰਨ ਲਈ ਹਨ ਇਸ ਲਈ ਉਨ੍ਹਾਂ ਦਾ ਟਾਕਰਾ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਪਤਾ ਹੈ ਕਿ ਇਨ੍ਹਾਂ ਲੋਕ-ਵਿਰੋਧੀ ਲਹਿਰਾਂ ਨਾਲ ਦੇਸ਼ ਦੀ ਏਕਤਾ-ਅਖੰਡਤਾ ਨੂੰ ਵੱਡਾ ਖਤਰਾ ਪੈਦਾ ਹੋ ਚੁਕਾ ਹੈ ਜਿਸ ਨਾਲ ਸਾਡੇ ਦੇਸ਼ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਸਾਮਰਾਜ ਤੋਂ ਪ੍ਰਾਪਤ ਕੀਤੀ ਆਜ਼ਾਦੀ ਮੁੜ ਤੋਂ ਖੁੱਸਣ ਦਾ ਡਰ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਜ਼ਾਦੀ ਤੋਂ ਲੋਕਾਂ ਨੂੰ ਜੋ ਆਸਾਂ ਸਨ ਉਹ ਪੂਰੀਆਂ ਨਹੀਂ ਹੋਈਆਂ।

ਲੰਘੇ ਸਾਲ ਵਿਚ ਰਾਜੀਵ-ਸਰਕਾਰ ਦਾ ਇਕ ਹੋਰ ਪੱਖ ਲੋਕਾਂ ਦੇ ਸਾਹਮਣੇ ਆਇਆ ਉਹ ਵੱਡੀ ਪੱਧਰ ਉਪਰ ਵੱਡੇ ਵੱਡੇ ਸਕੈਂਡਲ ਸਨ, ਜਿਨ੍ਹਾਂ ਕਾਰਨ ਉਸ ਦੀ ਲੋਕਾਂ ਵਿਚੋਂ ਸਾਖ ਹੇਠਾਂ ਡਿਗ ਪਈ। ਇਹ ਅਜਿਹੇ ਸਕੈਂਡਲ ਹਨ ਜਿਨ੍ਹਾਂ ਦੇ ਕਾਰਨ ਇਖਲਾਕੀ ਤੌਰ ਉਪਰ ਸਰਕਾਰ ਦਾ ਰਾਜ ਗੱਦੀ ਉਤੇ ਬਣੇ ਰਹਿਣਾ ਉਚਿਤ ਨਹੀਂ ਸੀ, ਪ੍ਰੰਤੂ ਗੱਦੀ ਨੂੰ ਹਾਕਮ ਪਾਰਟੀ ਕਿਵੇਂ ਵੀ ਛੱਡਣ ਲਈ ਤਿਆਰ ਨਹੀਂ।

ਭਾਰਤ ਦੀਆਂ ਚਾਰ ਖੱਬੀਆਂ ਪਾਰਟੀਆਂ ਸੀ. ਪੀ. ਆਈ. (ਮ), ਸੀ. ਪੀ. ਆਈ., ਫਾਰਵਰਡ ਬਲਾਕ, ਰੈਵੂਲੇਸ਼ਨਰੀ ਸੋਸ਼ਲਿਸਟ ਪਾਰਟੀ ਨੇ ਸ੍ਰੀ ਰਾਜੀਵ ਗਾਂਧੀ ਤੋਂ ਅਸਤੀਫਾ ਦੇਣ ਦੀ ਮੰਗ ਕਰਦਿਆਂ ਦੇਸ਼ ਵਿਆਪੀ ਲਹਿਰ ਲਾਮਬੰਦ ਕੀਤੀ ਜਿਸ ਦਾ ਸਿਖਰ 9 ਦਸੰਬਰ 1987 ਨੂੰ ਦਿੱਲੀ ਵਿਚ 17 ਲੱਖ ਲੋਕਾਂ ਦਾ ਲਾਲ ਝੰਡੇ ਲੈ ਕੇ ਕੱਢਿਆ ਵਿਸ਼ਾਲ ਜਲੂਸ ਸੀ ਜੋ ਕਿ ਦਿੱਲੀ ਦੇ ਇਤਿਹਾਸ ਵਿਚ ਆਪਣੀ ਕਿਸਮ ਦਾ ਹੀ ਸੀ। ਲਾਲ ਕਿਲੇ ਦੇ ਪਿਛੇ ਦਾ ਸਾਰਾ ਮੈਦਾਨ ਦੇਸ਼ ਦੇ 22 ਰਾਜਾਂ ਅਤੇ 10 ਕੇਂਦਰੀ ਪ੍ਰਬੰਧ ਦੇ ਇਲਾਕਿਆਂ ਚੋਂ ਆਏ ਲੋਕਾਂ ਨਾਲ ਭਰਿਆ ਹੋਇਆ ਸੀ। ਇਨ੍ਹਾਂ ਵਿਚ ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜੁਆਨ, ਇਸਤਰੀਆਂ, ਆਦੀਵਾਸੀ, ਸਰਕਾਰੀ ਮੁਲਾਜ਼ਮ, ਆਧਿਆਪਕ ਆਦਿ 24 ਜਨਤਕ ਜੱਥੇਬੰਦੀਆਂ ਸਨ। ਪੰਜਾਬ ਵਿਚੋਂ 50 ਹਜ਼ਾਰ ਲੋਕਾਂ ਦੇ ਇਸ ਜਲੂਸ ਵਿਚ ਸ਼ਾਮਲ ਹੋਣ ਦੀ ਪ੍ਰਬੰਧਕਾਂ ਨੂੰ ਆਸ ਸੀ, ਪ੍ਰੰਤੂ ਪੰਜਾਬ ਵਿਚੋਂ 50 ਹਜ਼ਾਰ ਲੋਕਾਂ ਦੇ ਇਸ ਜਲੂਸ ਵਿਚ ਸ਼ਾਮਲ ਹੋਣ ਦੀ ਪ੍ਰਬੰਧਕਾਂ ਨੂੰ ਆਸ ਸੀ, ਪ੍ਰੰਤੂ ਪੰਜਾਬ ਵਿਚੋਂ ਇਕ ਪੱਖ ਤੋਂ ਵੱਧ ਲੋਕਾਂ ਨੇ ਲਾਲ ਝੰਡੇ ਚੁੱਕ ਕੇ ਭਾਗ ਲਿਆ। ਯਾਦ ਰਹੇ ਵੱਖਵਾਦੀ ਖਾਲਿਸਤਾਨੀਆਂ ਨੇ ਅਨੇਕਾਂ ਕਮਿਊਨਿਸਟ ਆਗੂਆਂ ਅਤੇ ਵਰਕਰਾਂ ਨੂੰ ਸ਼ਹੀਦ ਕਰਕੇ, ਡਰਾਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਨ੍ਹਾਂ ਦੀ ਦੇਸ਼ ਦੀ ਏਕਤਾ, ਹਿੰਦੂ-ਸਿਖ ਸਦਭਾਵਨਾ ਦੇ ਨਾਅਰਿਆਂ ਨੂੰ ਉਹ ਖਾਮੋਸ਼ ਨਹੀਂ ਕਰਵਾ ਸਕੇ। ਇਹ ਲੋਕ ਜਦੋਂ ਦਿੱਲੀ ਵਿਚ ਜਲੂਸ ਦੀ ਸ਼ਕਲ ਵਿਚ ਪਾਰਲੀਮੈਂਟ ਵੱਲ ਤੁਰੇ ਤਾਂ ਲਾਲ ਕਿਲੇ ਤੋਂ ਸਾਰਾ ਜਨ ਪੱਥ ਇੰਡੀਆ ਗੇਟ, ਬੋਟ ਕਲੱਬ ਅਤੇ ਹੋਰ ਜਿਧਰ ਵੀ ਨਿਗਾਹ ਜਾਂਦੀ ਸੀ, ਲਾਲ ਸਮੁੰਦਰ ਬਣ ਕੇ ਛਾਏ ਹੋਏ ਸਨ।

ਇਸ ਮਹਾਨ ਮਾਰਚ ਨੇ ਭਾਰਤ ਦੀ ਰਾਜਨੀਤੀ ਵਿਚ ਇਕ ਨਵਾਂ ਮੋੜ ਲੈ ਆਂਦਾ। ਭਾਰਤੀ ਲੋਕਾਂ ਮਹਿਸੂਸ ਕਰ ਲਿਆ ਕਿ ਅੱਜ ਦੇਸ਼ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਾਂਗਰਸ ਦਾ ਜੇ ਕੋਈ ਬਦਲ ਹੋ ਸਕਦਾ ਹੈ ਤਾਂ ਉਹ ਇਹ ਲਾਲ ਝੰਡਿਆਂ ਵਾਲੇ ਹੀ ਹੋ ਸਕਦੇ ਹਨ।

ਇਸ ਜਲੂਸ ਤੋਂ ਮਗਰੋਂ ਜੋ ਰੈਲੀ ਹੋਈ ਉਸ ਵਿਚ ਇਕ ਦਿਨ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਹੈ। ਇਹ ਸੱਦਾ ਲੋਕਾਂ ਦੀ ਏਕਤਾ ਨੂੰ ਪੱਕਿਆਂ ਕਰਨ ਲਈ, ਰਾਜੀਵ ਗਾਂਧੀ ਦੇ ਅਸਤੀਫੇ ਲਈ ਅਤੇ ਲੋਕਾਂ ਦੀਆਂ ਉਭਰਵੀਆਂ ਮੰਗਾਂ ਲਈ ਕੀਤਾ ਜਾ ਰਿਹਾ ਹੈ। ਭਾਰਤ ਬੰਦ 12 ਮਾਰਚ ਨੂੰ ਹੋਵੇਗਾ।

ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਦੇਸ਼ ਦੀਆਂ ਚਾਰ ਹੋਰ ਜਮਹੂਰੀ ਪਾਰਟੀਆਂ ਜਨਤਾ ਪਾਰਟੀ, ਲੋਕ ਦਲ (ਅਜੀਤ), ਕਾਂਗਰਸ (ਸ) ਅਤੇ ਜਨ ਮੋਰਚਾ ਨੇ ਵੀ ਬੰਦ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ ਹੈ। ਇਸ ਤਰ੍ਹਾਂ ਇਕ ਦੇਸ਼ ਵਿਆਪੀ ਲਹਿਰ ਕਾਂਗਰਸ ਦੇ ਬਦਲ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਉਭਰ ਰਹੀ ਹੈ।

ਇਹ ਬਦਲ ਸਿਰਫ 1977 ਦੀ ਜਨਤਾ ਪਾਰਟੀ ਵਰਗਾ ਨਹੀਂ ਹੋਵੇਗਾ ਸਗੋਂ ਇਹ ਇਕ ਨਿਸਚਿਤ ਨੀਤੀਆਂ ਦੇ ਆਧਾਰ ਉਪਰ ਹੋਵੇਗਾ, ਜੋ ਕਿ ਕਾਂਗਰਸ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਥਾਂ ਲੈਣਗੀਆਂ।

ਇਹ ਬਦਲ ਬੁਨਿਆਦੀ ਰੂਪ ਵਿਚ 1977 ਦੀ ਜਨਤਾ ਪਾਰਟੀ ਨਾਲੋਂ ਵੱਖਰਾ ਹੈ ਕਿ ਇਸ ਵਿਚ ਫਿਰਕੂ ਪਾਰਟੀਆਂ ਲਈ ਕੋਈ ਥਾਂ ਨਹੀਂ ਹੈ, ਇਸ ਲਈ ਹੀ ਭਾਰਤੀ ਜਨਤਾ ਪਾਰਟੀ, ਮੁਸਮਲ ਲੀਗ ਆਦਿ ਨੂੰ ਵੱਖਰਿਆਂ ਨਿਖੇੜ ਦਿਤਾ ਗਿਆ ਹੈ।

ਜਿਵੇਂ ਕਿ ਹਾਲਾਤ ਤੋਂ ਨਜ਼ਰ ਆ ਰਿਹਾ ਹੈ ਕਿ ਆਉਂਦੇ ਦੋ ਸਾਲਾਂ ਵਿਚ ਸਾਰੀਆਂ ਮੁਸ਼ਕਲਾਂ ਨਾਲ ਦੋ ਚਾਰ ਹੁੰਦਾ ਹੋਇਆ ਖੱਬੀਆਂ ਪਾਰਟੀਆਂ ਦੀ ਅਗਵਾਈ ਵਿਚ ਇਕ ਪਰੋਗਰਾਮ ਆਧਾਰਤ ਬਦਲ ਬਦ ਕੇ ਸਾਹਮਣੇ ਆਵੇਗਾ ਜੋ ਕਿ ਭਾਰਤ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰਥ ਹੋਣੇ ਹਨ। ਇਸ ਵਿਚ ਸ਼ੱਕ ਨਹੀਂ ਕਿ ਸਾਮਰਾਜੀ ਨਹੀਂ ਚਾਹੁੰਦੇ ਕਿ ਕਾਂਗਰਸ ਦਾ ਕੋਈ ਲੋਕ ਪੱਖੀ ਖਬਾ ਬਦਲ ਉਭਰੇ। ਇਸ ਲਈ ਉਨ੍ਹਾਂ ਵਲੋਂ ਕਈ ਤਰ੍ਹਾਂ ਦੀਆਂ ਸਾਜ਼ਸ਼ਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਪ੍ਰੰਤੂ ਲੋਕਾਂ ਦੀ ਸ਼ਕਤੀ ਬਣ ਉਠੀ ਲਹਿਰ, ਸਾਮਰਾਜੀਆਂ, ਵੱਖਵਾਦੀਆਂ, ਵੰਡਵਾਦੀਆਂ ਅਤੇ ਹਾਕਮ ਕਾਂਗਰਸ ਦੀਆਂ ਸਭ ਲੋਕ ਵਿਰੋਧੀ ਚਾਲਾਂ ਨੂੰ ਹਾਰ ਦੇਣ ਦੇ ਨਿਸਚੇ ਹੀ ਸਮਰਥ ਹੋਵੇਗੀ।

# ਸਰਹੱਦੀ ਗਾਂਧੀ ਦੇ ਸਸਕਾਰ ਸਮੇਂ ਦੋ ਬੰਬ ਧਮਾਕੇ

ਜਲਾਲਾਬਾਦ — ਸਰਹੱਦੀ ਗਾਂਧੀ ਖਾਨ ਅਬਦੁਲ ਖਾਂ ਦਾ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਜਲਾਲਾਬਾਦ (ਅਫਗਾਨਿਸਤਾਨ) ਵਿਚ ਕੀਤਾ ਗਿਆ ਜਿਥੇ ਭਾਰਤ ਵਲੋਂ ਉਪ-ਰਾਸ਼ਟਰਪਤੀ ਡਾ: ਸ਼ੰਕਰ ਦਿਆਲ ਸ਼ਰਮਾ, ਕੇਂਦਰੀ ਵਜ਼ੀਰ ਆਦਿ ਵੀ ਪਹੁੰਚੇ ਹੋਏ ਸਨ।

ਸਰਹੱਦੀ ਗਾਂਧੀ ਦੇ ਸਸਕਾਰ ਸਮੇਂ ਦੋ ਬੰਬ ਧਮਾਕੇ ਅਫਗਾਨ ਗੁਰੀਲਿਆਂ ਵਲੋਂ ਕੀਤੇ ਗਏ ਪਰ ਜਾਨੀ ਨੁਕਸਾਨ ਕੋਈ ਨਹੀਂ ਹੋਇਆ।

ਸਰਹੱਦੀ ਗਾਂਧੀ ਦੇ ਲੜਕੇ ਵਲੀ ਖਾਂ ਨੇ ਕਿਹਾ ਕਿ ਇਹ ਸ਼ਰਾਰਤ ਅਮਰੀਕਾ ਅਤੇ ਪਾਕਿਸਤਾਨੀ ਅਨਸਰਾਂ ਦੀ ਹੈ। ਯਾਦ ਰਹੇ ਕਿ ਵਲੀ ਖਾਂ ਨੂੰ ਪਾਕਿਸਤਾਨ ਸਰਕਾਰ ਨੇ ਜਲਾਵਤਨ ਕੀਤਾ ਹੋਇਆ ਹੈ।

ਦੂਜੇ ਪਾਸੇ ਭਾਰਤ ਵਿਚ ਪੰਜ ਦਿਨਾਂ ਸੋਗ ਮਨਾਇਆ ਗਿਆ। ਸਰਹੱਦੀ ਗਾਂਧੀ ਭਾਰਤ ਵਿਚ ਹਰਮਨ ਪਿਆਰੇ ਨੇਤਾ ਵਜੋਂ ਸਤਿਕਾਰੇ ਜਾਂਦੇ ਸਨ। ਮਰਨ ਸਮੇਂ ਉਨ੍ਹਾਂ ਦੀ ਉਮਰ 98 ਸਾਲ ਸੀ।

# ਗਾਇਕ ਮਲਕੀਤ ਹੁਸੈਨਪੁਰੀ ਦਾ ਪੰਜਾਬੀ ਸ਼ੋਅ

ਵੈਨਕੂਵਰ — ਸ੍ਰੀ ਜੋਸ਼ ਦੀ ਸੂਚਨਾ ਅਨੁਸਾਰ ਇੰਗਲੈਂਡ ਦੇ ਪ੍ਰਸਿੱਧ ਗਾਇਕ ਮਲਕੀਤ ਹੁਸੈਨਪੁਰੀ ਅਤੇ ਪਾਰਟੀ ਦਾ ਪੰਜਾਬੀ ਸ਼ੋਅ 9 ਅਪਰੈਲ, 1988 ਨੂੰ ਵੈਨਕੂਵਰ ਵਿਚ ਹੋ ਰਿਹਾ ਹੈ। ਹੁਸੈਨਪੁਰੀ 'ਗੁੜ ਨਾਲੋਂ ਇਸ਼ਕ ਮਿਠਾ, ਰੱਬਾ ਲੱਗ ਨਾ ਕਿਸੇ ਨੂੰ ਜਾਵੇ' ਆਦਿ ਗੀਤਾਂ ਕਾਰਨ ਪੰਜਾਬੀ ਦੁਨੀਆਂ ਵਿਚ ਵਧੀਆ ਗਾਇਕ ਵਜੋਂ ਜਾਣਿਆ ਜਾਂਦਾ ਹੈ ਤੇ ਉਸਨੇ ਫਿਲਮਾਂ ਵਿਚ ਵੀ ਆਪਣੇ ਗੀਤ ਦਿਤੇ ਹਨ।

ਇਹ ਸ਼ੋਅ ਵੈਨਕੂਵਰ ਵਿਚ ਕਰਵਾਉਣ ਲਈ ਜੇ ਕੋਈ ਪਾਰਟੀ ਦਿਲਚਸਪੀ ਰੱਖਦੀ ਹੋਵੇ ਤਾਂ ਸ੍ਰੀ ਜੋਸ਼ ਹੋਰਾਂ ਕੋਲੋਂ ਜਾਣਕਾਰੀ ਇਸ ਫੋਨ ਉਤੇ ਲਈ ਜਾ ਸਕਦੀ ਹੈ।

ਜੋਸ਼ — 274-7314

# ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ

ਜਹ ਜਹ ਜਾਉ ਤਹਾਂ ਤੇਰੀ ਸੇਵਾ। ਤੁਮ ਸੋ ਠਾਕੁਰ ਆਉਰੁ ਨ ਦੇਵਾ
ਤੁਮਰੇ ਭਜਨ ਕਟਹਿ ਜਮ ਫਾਸਾ, ਭਗਤਿ ਹੇਤ ਗਾਵੈ ਰਵਿਦਾਸਾ॥
(ਗੁਰੂ ਰਵਿਦਾਸ ਜੀ)

ਗੁਰੂ ਪਿਆਰੀ ਸਾਧ ਸੰਗਤ ਜੀਓ,
ਜੈ ਗੁਰੂਦੇਵ।

ਆਪ ਸਮੂਹ ਸੰਗਤਾਂ ਨੂੰ ਖੁਸ਼ੀ ਭਰਿਆ ਸੰਦੇਸ਼ ਪਹੁੰਚਾਇਆ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਲੋਂ ਮਹਾਨ ਗੁਰੂ ਰਵਿਦਾਸ ਜੀ ਦਾ ਜਨਮ ਉਤਸਵ ਆਪ ਸੱਭ ਸੰਗਤਾਂ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ (Guru Ravidass Community Centre, 7468 Edmonds St.) ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸੱਭ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਸਾਰੇ ਪਰਿਵਾਰ ਸਮੇਤ ਤਨ, ਮਨ ਤੇ ਧਨ ਨਾਲ ਇਸ ਪਵਿੱਤਰ ਕਾਰਜ ਵਿਚ ਹਿੱਸਾ ਪਾ ਕੇ ਸੇਵਾਦਾਰਾਂ ਨੂੰ ਧੰਨਵਾਦੀ ਬਣਾਓ ਅਤੇ ਗੁਰਬਾਣੀ ਕੀਰਤਨ ਸੁਣ ਕੇ ਆਪਣੇ ਜੀਵਨ ਸਫਲਾ ਕਰੋ ਜੀ।

—ਪ੍ਰੋਗਰਾਮ—

2 ਫਰਵਰੀ, 1988 ਦਿਨ ਮੰਗਲਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ ਜਿਸ ਵਿਚ ਗੁਣੀ ਗਿਆਨੀ ਗੁਰੂ ਜੀ ਦੇ ਜਨਮ 'ਤੇ ਰੋਸ਼ਨੀ ਪਾਉਣਗੇ ਉਪਰੰਤ ਸਮੂਹ ਸੰਗਤਾਂ ਵਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ।

5 ਫਰਵਰੀ, 1988 ਦਿਨ ਸ਼ੁੱਕਰਵਾਰ 10 ਵਜੇ ਅਖੰਡਪਾਠ ਸਾਹਿਬ ਅਰੰਭ ਹੋਣਗੇ।

7 ਫਰਵਰੀ, 1988 ਦਿਨ ਐਤਵਾਰ 10 ਵਜੇ ਸਵੇਰੇ ਅਖੰਡਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਦੀਵਾਨ ਸਜਣਗੇ ਜਿਸ ਵਿਚ ਗੁਣੀ ਗਿਆਨੀ ਭਾਗ ਲੈਣਗੇ।

ਫੋਨ : 521 - 0488 — ਪ੍ਰਬੰਧਕ ਕਮੇਟੀ

ਸ੍ਰੀ ਗੁਰੂ ਰਵਿਦਾਸ ਸਭਾ, ਵੈਨਕੂਵਰ।

# ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ

# ਵੈਨਕੂਵਰ ਵੱਲੋਂ

# ਇੰਡੋ-ਕੈਨੇਡੀਅਨ ਕਮਿਊਨਿਟੀ ਨੂੰ

# 39ਵੇਂ ਰੀਪਬਲਿਕ ਡੇਅ ਦੀਆਂ

# ਵਧਾਈਆਂ

## 26 ਜਨਵਰੀ ਦਾ ਦਿਨ

ਸਾਡੇ ਲਈ ਅਹਿਮ ਦਿਨ ਹੈ ਕਿਉਂਕਿ
ਕੈਨੇਡਾ ਦੇ ਗ਼ਦਰੀ ਸੂਰਬੀਰਾਂ ਨੇ ਦੇਸ਼
ਦੀ ਆਜ਼ਾਦੀ ਲਈ ਅਥਾਹ
ਕੁਰਬਾਨੀਆਂ ਦੇ ਕੇ ਦੇਸ਼ ਦਾ ਜਮਹੂਰੀ
ਢਾਂਚਾ ਉਸਾਰਿਆ ਅਤੇ ਜਮਹੂਰੀਅਤ
ਲਈ ਫਾਂਸੀਆਂ 'ਤੇ ਚੜ੍ਹੇ ਤੇ ਉਮਰ ਕੈਦਾਂ
ਕੱਟੀਆਂ।

ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ, ਵੈਨਕੂਵਰ, ਬੀ. ਸੀ.

(Paid Ad)

# The Manitoba Mirror

# ਮੈਨੀਟੋਬਾ ਦਰਪਣ

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

**V.I.P. SUPERMARKET**
739, Elice Ave. WINNIPEG, MAN.

## Moti Floor Industries

620 - Sophia St., SELKIRK — MAN.

**Ph. 204-482-4111**
**Or. 204-785-1054**

**100% ਡਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

## AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ੍ਰੀਦਣ ਲਈ



**Sukhjinder S. Dhillon**
**Res: 669-2573**

**ਰਾਜ ਸਿੰਘ ਮਾਨ**
ਜਾਂ
**ਸੁਖਜਿੰਦਰ ਸਿੰਘ ਢਿੱਲੋਂ**
ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths



# ਸਾਹਿਤ ਤੇ ਕਲਾ



## ਕਹਾਣੀ

# ਵਾ-ਵਰੋਲੇ

**ਬਲਦੇਵ ਸਿੰਘ**

ਅਚਾਨਕ ਘਿਰ ਆ ਗਏ ਤੂਫਾਨੀ ਬੱਦਲਾਂ ਵਾਂਗ, ਅਫ਼ਵਾਹਾਂ ਨੀਵੀਆਂ ਨੀਵੀਆਂ, ਘਰਾਂ ਦੀਆਂ ਛੱਤਾਂ ਤੇ ਹੀ ਆਣ ਉਤਰੀਆਂ ਸਨ। ... ਪ੍ਰੀਤੂ ਲੰਗੜੇ ਤੇ ਪ੍ਰੇਤ ਦਾ ਪ੍ਰਛਾਵਾਂ ਹੈ...ਜਦੋਂ ਦਾ ਉਸਨੇ ਤੋਤੇ ਨੂੰ ਅੱਖੀਂ ਮਰਦਾ ਵੇਖਿਐ, ਮੰਜੇ ਤੋਂ ਨੀ ਉਠਿਆ...ਓਹਨੇ ਤਾਂ ਸਾਰੇ ਪਿੰਡ 'ਚ ਬਥੇਰਾ ਰੌਲਾ ਪਾਇਆ ਸੀ ਵਈ ਕਮਾਦ 'ਚ ਭੂਤ ਨੱਚਦੇ ਐ...ਗਿੱਧਾ ਪੈਂਦੈ...ਪਰ ਉਹਦੀ ਗੱਲ ਮੰਨੀ ਕਿਸੇ ਨੇ ...? ਮਾੜੇ ਬੰਦੇ ਦੀ ਤਾਂ ਸੱਚੀ ਗੱਲ ਤੇ ਵੀ ਖਾਂਦੇ ਪੀਂਦੇ ਖਿਲੀਆਂ ਉਡਾਉਂਦੇ ਐ...।'

ਪ੍ਰੀਤੂ ਲੰਗੜਾ ਸੱਚਮੁਚ ਬਹੁਤ ਬੀਮਾਰ ਸੀ ।

ਪ੍ਰੀਤੂ ਲੰਗੜਾ ਮੇਰਾ ਹਮ-ਜਮਾਤੀ ਰਿਹਾ ਹੈ ।

ਅੱਠਵੀਂ ਤੱਕ ਅਸੀਂ ਇਕੱਠੇ ਪੜ੍ਹੇ ਹਾਂ । ਉਸਨੂੰ ਮੱਝਾਂ ਚਾਰਨੀਆਂ ਪੈਂਦੀਆਂ ਸਨ, ਆਪਣੇ ਸੀਰੀ ਪਿਉ ਨਾਲ ਵਗਾਰ ਕਰਨੀ ਪੈਂਦੀ ਸੀ। ਉਹ ਅੱਠਵੀਂ ਵਿਚੋਂ ਫੇਲ੍ਹ ਹੋ ਗਿਆ। ਮਜ਼ਬੀ-ਸਿੱਖਾਂ ਦੇ ਅੱਧ-ਪਚੱਧ ਪੜ੍ਹੇ ਮੁੰਡੇ ਜਾਂ ਤਾਂ ਫੌਜ ਵਿਚ ਭਰਤੀ ਹੁੰਦੇ ਹਨ ਜਾਂ ਫਿਰ ਸੀਰੀ ਰਲਦੇ ਹਨ।

ਪ੍ਰੀਤੂ ਲੰਗੜਾ ਸੀਰੀ ਰਲ ਗਿਆ ਸੀ । ਸਾਲ ਦਾ ਇਕ ਹਜ਼ਾਰ ਰੁਪਿਆ ਤੇ ਦੋ ਮਣ ਹਾੜੀ ਸੌਣੀ ਦਾਣੇ ।

ਅਸੀਂ ਕਦੀ ਕਦਾਈਂ ਹੀ ਮਿਲਦੇ ਸਾਂ। ਪਹਿਲਾਂ ਪੰਜਾਬ ਵਿਚ ਸਾਂ, ਪਰ ਜਦੋਂ ਮੈਂ ਕਲਕੱਤੇ ਚਲਿਆ ਗਿਆ ਤਾਂ ਵਰ੍ਹੇ ਛਮਾਹੀਂ ਮਿਲਣ ਲੱਗੇ। ਜਦੋਂ ਵੀ ਆਉਂਦਾ, ਉਸਨੂੰ ਮੈਂ ਮਿਲਦਾ ਜ਼ਰੂਰ। ਉਹੀ ਪੁਰਾਣੀਆਂ ਗੱਲਾਂ ਕਰਕੇ ਮਨ ਹੌਲਾ ਕਰਦੇ, ਕਦੇ ਮਾਸਟਰਾਂ ਦੇ ਕੁਟਣ ਦੀਆਂ, ਨਕਲਾਂ ਮਾਰਨ ਦੀਆਂ ਕਦੇ ਛੋਟੀਆਂ-ਮੋਟੀਆਂ ਸ਼ਰਾਰਤਾਂ ਦੀਆਂ। ਹਰ ਵਾਰ ਉਸ ਵਿਚ ਮੈਂ ਅਜੀਬ ਜਿਹਾ ਤਣਾਓ ਮਹਿਸੂਸ ਕਰਦਾ, ਮੈਨੂੰ ਉਹ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ—'ਤੂੰ ਤੋਂ 'ਤੁਸੀਂ' ਕਹਿਣ ਲੱਗ ਪਿਆ। ਮੈਂ ਬੜਾ ਓਪਰਾ ਓਪਰਾ ਮਹਿਸੂਸ ਕਰਦਾ। ਹਰ ਵਾਰ ਉਹ ਮੈਨੂੰ ਪਹਿਲਾਂ ਨਾਲੋਂ ਕਮਜ਼ੋਰ ਹੋਇਆ ਦਿਸਦਾ ।

ਇਹਨਾਂ ਸਾਲਾਂ ਵਿਚ ਹੀ ਉਸ ਦੇ ਨਾਂ ਨਾਲ ਲੰਗੜਾ ਜੁੜ ਗਿਆ। ਪਤਾ ਲੱਗਿਆ, ਬਾਹਰ ਖੇਤ ਵਿਚ ਉਹ ਸਰਦਾਰ ਦੇ ਝੋਨੇ ਦੀ ਰਾਖੀ ਪਿਆ ਸੀ। ਜਦੋਂ ਸਰਦਾਰ ਦੇ ਸ਼ਰਾਬੀ ਮੁੰਡੇ ਨੇ ਟਰੈਕਟਰ ਬੈਕ ਕਰਦਿਆਂ ਟਰਾਲੀ ਉਸਦੀ ਲੱਤ ਤੇ ਚਾੜ੍ਹ ਦਿੱਤੀ । ਲੱਤ ਟੁੱਟਣੋਂ ਤਾਂ ਬਚ ਗਈ, ਪਰ ਪਿੰਜਣੀਆਂ ਦੀਆਂ ਮਾਸ-ਪੇਸ਼ੀਆਂ ਖਿਚੀਆਂ ਗਈਆਂ ਤੇ ਉਹ ਲੰਗੜਾ ਕੇ ਤੁਰਨ ਲੱਗਾ ।

ਉਦੋਂ ਤੋਂ ਹੀ ਉਸਦਾ ਨਾਂ ਪ੍ਰੀਤੂ ਲੰਗੜਾ ਪੈ ਗਿਆ ।

ਫੇਰ ਪਤਾ ਲੱਗਿਆ, ਪਹਿਲੇ ਸਰਦਾਰ ਕੋਲੋਂ ਹਟ ਕੇ, ਉਹ ਸਰਦਾਰ ਕਿਸ਼ਨ ਸਿੰਘ ਕੋਲ ਸੀਰੀ ਜਾ ਰਲਿਆ। ਸੀਰੀ ਉਹ ਨਾਮ ਵਜੋਂ ਹੀ ਸੀ। ਉਂਜ ਉਹ ਘਰ ਦੀ ਦੇਖ ਭਾਲ ਤੇ ਖੇਤ ਵਿਚ ਟਿਊਬਵੈਲ ਤੇ ਮੋਟਰਾਂ ਦੀ ਰਾਖੀ ਹੀ ਕਰਦਾ ਸੀ । ਰੋਟੀ ਖਾ ਛੱਡਦਾ । ਰੋਟੀ-ਕੱਪੜਾ ਮਿਲ ਜਾਂਦਾ, ਕਿਸੇ ਤਿਥ-ਤਿਉਹਾਰ ਤੇ ਕਿਸ਼ਨ ਸਿੰਘ ਖੁਸ਼ ਹੋਇਆ ਸੌ ਪੰਜਾਹ ਰੁਪਏ ਦੇ ਦਿੰਦਾ...ਮੇਰੇ ਹਮਜਮਾਤੀ ਦੀ ਅਣਖੀ ਜ਼ਮੀਰ ਨੂੰ ਹੌਲੀ ਹੌਲੀ ਸਿਉਂਕ ਖਾ ਰਹੀ ਸੀ ।

ਪ੍ਰੀਤੂ ਉਪਰੋਂ ਦੇਖਣ ਨੂੰ ਪੂਰਾ ਸੁਖੀ-ਆਦਮੀ ਦਿਸਦਾ ਸੀ । ਪਰ ਅਜਿਹੇ ਘਰ ਵਿਚੋਂ ਪ੍ਰੀਤੂ ਲੰਗੜੇ ਨੂੰ ਅਜਿਹੀ ਚੰਦਰੀ ਬੀਮਾਰੀ ਚੰਬੜ ਜਾਵੇ । ਉਸ ਉਪਰ ਪ੍ਰੇਤ ਦਾ ਪਹਿਰ ਹੋ ਜਾਵੇ । ਉਹ ਦਿਨਾਂ ਮਹੀਨਿਆਂ ਵਿਚ ਹੀ ਸੁੱਕ ਕੇ ਤੀਲਾ ਹੋ ਜਾਵੇ, ਮੈਂ ਹੈਰਾਨ ਸਾਂ ।

ਕਲਕੱਤਿਉਂ ਹੀ ਕੁਝ ਦਿਨਾਂ ਲਈ ਆਇਆ ਸਾਂ ਜਦੋਂ ਮਾਂ ਨੇ ਕਿਹਾ — 'ਵੇ ਚੰਦਰਿਆ...ਪ੍ਰੀਤੂ ਤਾਂ ਬਾਹਲਾ ਈ ਬਮਾਰ ਐ.. ਉਹਦਾ ਪਤਾ ਤਾਂ ਲੈ ਆ... ਪਤਾ ਨੀ ਬਚਾਰਾ ਬਚੂ ਕਿ ਨਈਂ...। ਮਾਂ ਵੀ ਪ੍ਰੀਤੂ ਦਾ ਮੇਰੇ ਜਿੰਨਾ ਹੀ ਮੋਹ ਕਰਦੀ ਸੀ ।

ਮੈਂ ਉਸੇ ਦਿਨ ਹੀ ਉਸ ਨੂੰ ਮਿਲਣ ਚਲਿਆ ਗਿਆ। ਉਸਦੀ ਬੁੱਢੀ ਮਾਂ ਮੈਨੂੰ ਵੇਖ ਕੇ ਹੀ ਅੱਖਾਂ ਭਰ ਆਈ...ਅੰਦਰ ਪਿਐ...ਉਸ ਨੇ ਭਰੇ ਗਲੇ ਨਾਲ ਆਖਿਆ——ਤੇ ਨਾਲ ਹੀ ਪੁਛਿਆ...ਤੂੰ ਕਦੋਂ ਆਇਆਂ ਪੁੱਤ ...?...ਉਸਦੇ ਪਿਆਰ ਦੇਣ ਲਈ ਉਠੇ ਹੱਥ ਮੈਂ ਰਾਹ ਵਿਚ ਬੋਚ ਕੇ ਕਿਹਾ—'ਅੱਜ ਹੀ ਆਇਆਂ'—ਤੇ ਅੰਦਰ ਲੰਘ ਗਿਆ ।

ਪੀਲਾ ਵਸਾਰ ਵਰਗਾ ਚਿਹਰਾ । ਅੱਖਾਂ ਅੰਦਰ ਧਸੀਆਂ ਹੋਈਆਂ, ਜਵਾਂ ਈ ਹੱਡੀਆਂ ਦੀ ਮੁੱਠ। ਪ੍ਰੀਤੂ ਨੇ ਮੈਨੂੰ ਵੇਖ ਕੇ ਇਧਰ ਉਧਰ ਵੇਖਿਆ, ਜਿਵੇਂ ਉਸ ਨੂੰ ਕਿਸੇ 'ਸ਼ੈਅ' ਤੋਂ ਡਰ ਲੱਗ ਰਿਹਾ ਹੋਵੇ ਤੇ ਉਠ ਕੇ ਬੈਠਣ ਦੀ ਕੋਸ਼ਿਸ਼ ਕਰਨ ਲੱਗਾ ।

—ਨਾ ਨਾ !! ਪਿਆ ਰਹਿ...'ਮੈਂ ਉਸਦੇ ਮੋਢੇ ਫੜ ਕੇ ਨੱਪ ਦਿੱਤੇ। ਉਹ ਡਰੀਆਂ ਡਰੀਆਂ ਜਿਹੀਆਂ ਅੱਖਾਂ ਨਾਲ ਮੇਰੇ ਵੱਲ ਝਾਕਿਆ ਤੇ ਫਿਰ ਜਿਵੇਂ ਕੋਈ ਕਬਰਾਂ 'ਚੋਂ ਬੋਲਦਾ ਹੈ, ਭੈ-ਭੀਤ ਜਿਹਾ, ਰਹੱਸ-ਮਈ... 'ਬਾਈ ਕਦੋਂ ਆਏ ਤੁਸੀਂ ?'

ਜਦੋਂ ਉਹ ਬੋਲਿਆ ਤਾਂ ਉਸਦੇ ਬੁਲ੍ਹਾਂ ਦੇ ਅੰਦਰਲੇ ਪਾਸਿਉਂ ਚਟਿਆਈ ਦਿਸੀ, ਜਿਵੇਂ ਉਸ ਵਿਚ ਰੱਤੀ ਭਰ ਵੀ ਖ਼ੂਨ ਨਾ ਹੋਵੇ ।

—ਏਹ ਤੂੰ ਕੀ ਹਾਲ ਬਣਾ ਲਿਆ ਯਾਰ! ਹੈਂ ? ਤਕੜਾ ਹੋ, ਤੈਨੂੰ ਕੋਈ ਬੀਮਾਰ ਨ੍ਹੀ, ਛਮਾਰੀ ਨ੍ਹੀ...' । ਮੈਂ ਉਸ ਨੂੰ ਹੌਂਸਲਾ ਦਿੱਤਾ ।

—ਬਾਈ ਥੋਨੂੰ ਕੀ ਪਤੈ, ਮੇਰੇ ਅੰਦਰ ਅਫ਼ਰੇਵਾਂ ਹੋਇਆ ਪਿਐ...। ਮੈਂ ਤਾਂ ਕਿਸੇ ਕੋਲ ਗੱਲ ਵੀ ਨੀ ਕਰ ਸਕਦਾ—। ਉਸਦੇ ਚਿਹਰੇ ਤੋਂ ਉਸਦੀ ਬੇ-ਬਸੀ ਝਲਕਦੀ ਸੀ ।

—ਮੇਰੇ ਕੋਲ ਵੀ ਨਹੀਂ ? ਮੈਂ ਪੂਰੇ ਮਾਣ ਨਾਲ ਹਿੱਕ ਤੇ ਹੱਥ ਧਰ ਕੇ ਕਿਹਾ ।

—ਤੂੰ ਦੱਸ ਮੈਨੂੰ ਕੀ ਤਕਲੀਫ ਐ, ਮੈਂ ਤੇਰਾ 'ਲਾਜ ਕਰਾਊਂ...।

—ਬਾਈ ਤੁਸੀਂ ਤਾਂ ਪੜ੍ਹੇ ਲਿਖੇ ਐਂ...ਸਾਰੀ ਗੱਲ ਸਮਝਦੇਂ ਐਂ...ਥੋਨੂੰ ਪਤੈ....?...ਉਹ ਆਸੇ ਪਾਸੇ ਵੇਖਣ ਲੱਗ ਪਿਆ, ਜਿਵੇਂ ਕੋਈ ਜਾਣਦਾ ਨਾ ਹੋਵੇ । ਫਿਰ ਬੋਲਿਆ,

—ਤੋਤੇ ਨੂੰ ਭੂਤ ਨੇ ਮਾਰਤਾ ਸੀ ?

—ਭੂਤ ਨੇ ਮਾਰਤਾ ਸੀ ? ਮੈਂ ਹੈਰਾਨ ਹੋ ਕੇ ਪੁੱਛਿਆ । ਮੇਰੇ ਮਨ ਵਿਚ ਅਚੰਭਾ ਸੀ ਕਿ ਇਸ ਬਾਰੇ ਮੇਰਾ ਦੋਸਤ ਕੁਝ ਜਾਣਦਾ ਹੈ ।

—ਲੋਕ ਤਾਂ ਏਵੇਂ ਕਹਿੰਦੇ ਐ...। ਉਹ ਇਕ ਡੂੰਘਾ ਜਿਹਾ ਸਾਹ ਭਰ ਕੇ ਬੋਲਿਆ... 'ਪਰ ਮੈਨੂੰ ਪਤੈ, ਉਹ ਭੂਤ ਨੇ ਨ੍ਹੀ ਸੀ ਮਾਰਿਆ....'

ਉਸਦੇ ਚਿਹਰੇ ਤੇ ਉਤਾਵਲਾ-ਪਣ ਜਿਹਾ ਝਲਕਣ ਲੱਗਾ, ਜਿਵੇਂ ਉਹ ਕੁਝ ਦੱਸਣ ਲਈ ਕਾਹਲਾ ਹੋਵੇ। ਉਸ ਦਾ ਸਾਹ ਤੇਜ਼ ਹੋ ਗਿਆ, ਉਹ ਅੱਧਾ ਕੁ ਉਠ ਕੇ ਬੈਠ ਗਿਆ—'ਮੈਨੂੰ ਪਤੈ ਬਾਈ...' ਉਸ ਨੇ ਇਕ ਠਰੰਮੇ ਜਿਹੇ ਨਾਲ ਕਿਹਾ—

—ਉਹ ਮੈਨੂੰ ਆ ਕੇ ਡਰਾਉਂਦੇ ਰਹਿੰਦੇ ਐ...ਕਦੇ ਸਰਦਾਰ ਕਦੇ ਓਹਦੇ ਬੰਦੇ...ਆਂਹਦੇ ਜੇ ਕਿਸੇ ਨੂੰ ਪਤਾ ਲਗ ਗਿਆ ਤੈਨੂੰ ਫਾਂਸੀ ਹੋ ਜੂ...।' ਉਹ ਪਾਗਲਾਂ ਵਾਂਗ ਇਧਰ ਉਧਰ ਝਾਕਣ ਲੱਗਾ । ਉਸਦੀ ਅਜਿਹੀ ਹਾਲਤ ਤੋਂ ਮੈਨੂੰ ਵੀ ਡਰ ਆਇਆ । ਡਾਕਟਰ ਆਂਹਦੇ ਹੁੰਦੇ ਨੇ ਕਮਜ਼ੋਰ ਆਦਮੀ ਨੂੰ ਉਤੇਜਿਤ ਨਹੀਂ ਹੋਣਾ ਚਾਹੀਦਾ। ਪਰ ਛੇਤੀ ਹੀ ਉਹ ਬੋਲਿਆ—'ਮੈਂ ਥੋਨੂੰ ਸਾਰੀ ਗੱਲ ਦੱਸਦੇਂ...ਪਰ ਬਾਰ ਭੇੜ ਦੀਏ...ਕਿਸੇ ਨੂੰ ਸੁਣੇ ਨਾ...।' ਮੈਂ ਉਠ ਕੇ ਦਰਵਾਜ਼ਾ ਬੰਦ ਕਰ ਦਿੱਤਾ ।

ਕੁਝ ਪਲ ਉਹ ਡੂੰਘੀਆਂ ਅੱਖਾਂ ਬੰਦ ਕਰੀ ਪਿਆ ਰਿਹਾ । ਫਿਰ ਜਿਵੇਂ ਕੋਈ ਸੁੰਨੇ ਹਨੇਰੇ ਕਮਰੇ ਵਿਚੋਂ ਬੋਲਦਾ ਹੈ—ਉਹ ਹੌਲੀ ਹੌਲੀ ਬੋਲਣ ਲੱਗਾ—

...ਮੱਘਰ ਮਹੀਨੇ ਦੇ ਅਖੀਰਲੇ ਦਿਨਾਂ ਦੀ ਗੱਲ ਐ ਬਾਈ...ਇਕ ਰਾਤ ਬੜੀ ਠੰਡ ਸੀ, ਦੋ ਦਿਨ ਪਹਿਲਾਂ ਈ ਮੀਂਹ ਤੇ ਗੜੇ ਪੈ ਕੇ ਹਟੇ ਹੀ...ਮੈਂ ਸਰਦਾਰ ਦੇ ਕਮਾਦ ਦੀ ਰਾਖੀ ਪਿਆ ਸੀ। ਸਰਦਾਰ ਦੀ ਹਵੇਲੀ ਵੀ ਬਾਹਰ ਖੇਤਾਂ 'ਚ ਈ ਐ। ਨਾਲ ਲਗਦੇ ਕਿੱਲਿਆਂ 'ਚ ਈ ਕਮਾਦ ਐ। ਟਿਕੀ ਰਾਤ, ਮੈਨੂੰ ਕਮਾਦ 'ਚੋਂ ਹਾਸਾ ਸੁਣਿਆ, ਫਿਰ ਥੋਰ ਛਣਕੇ ਮੈਂ ਤਾਂ ਡਰ ਗਿਆ । ਐਨੀ ਠੰਡ 'ਚ ਕੋਈ ਭੂਤ-ਪ੍ਰੇਤ ਈ ਹੋਊ। ਮੈਨੂੰ ਤਾਂ ਬਾਕੀ ਰਾਤ ਨੀਂਦ ਈ ਨਾ ਆਈ...ਭਰਾਵਾ ਪਹਿਰ ਦੇ ਤੜਕੇ ਈ ਮੈਂ ਸਰਦਾਰ ਦੇ ਸਰ੍ਹਾਣੇ ਜਾ ਖੜ੍ਹਾ। ...ਮੇਰੇ ਦੰਦ ਵੱਜਣ...ਠੰਡ ਨੇ ਵੀ ਪਤਾ ਨੀ ਕੀ ਸਾਕ ਦੇਣਾ ਸੀ ਸਾਲੀ ਨੇ । ਸਰਦਾਰ ਦਾ ਦਿਤਾ ਪਾਟਿਆ ਜਿਹਾ ਕੰਬਲ ਵੀ ਕਾਂਬਾ ਚੜ੍ਹਾਈ ਜਾਂਦਾ ਸੀ । ਪੈਰ ਸੁੰਨ ਹੋਏ ਪਏ ਸੀ...ਲਗਦਾ ਸੀ ਜਾਣੀ ਲੱਤਾਂ ਨਾਲ ਹੈ ਨੀ...। ਸਰਦਾਰ ਮੂੰਹ ਸਿਰ ਲਪੇਟੀ ਪਿਆ ਸੀ, ਮੈਂ ਜਾ ਕੇ ਆਖਿਆ...'ਸਰਦਾਰ ਰਾਤ ਤਾਂ ਆਪਣੇ ਕਮਾਦ 'ਚ ਭੂਤ ਸੀਗੇ...'

ਪ੍ਰੀਤੂ ਕੁਝ ਪਲ ਚੁੱਪ ਕਰ ਗਿਆ ਤੇ ਸਾਹ ਲੈਣ ਲੱਗਾ। ਮੈਂ ਵੀ ਚੁੱਪ ਚਾਪ ਬੈਠਾ ਰਿਹਾ, ਮਤੇ ਉਸਦੀ ਇਕ ਸੁਰ ਹੋਈ ਬਿਰਤੀ ਵਿਚ ਕੋਈ ਰੁਕਾਵਟ ਆਣ ਪਏ ।

—ਕਿਸ਼ਨ ਸੂੰਹ ਨੇ ਰੇਸ਼ਮੀ ਰਜ਼ਾਈ ਦਾ ਪੱਲਾ ਭੋਰਾ ਕੁ ਚੁੱਕਿਆ...ਜਿਵੇਂ ਮੈਂ ਜੇਠ ਲਗਦਾ ਹੋਵਾਂ...ਪ੍ਰੀਤੂ ਫੇਰ ਬੋਲਣ ਲੱਗਾ...'ਮੇਰਾ ਸਾਲਾ ਅੰਦਰੋਂ ਈ ਬੋਲਿਆ..'ਇਕ ਭੂਤ ਤਾਂ ਮੇਰੇ ਸਾਹਮਣੇ ਖੜੈ..।" ਮੈਨੂੰ ਗੁੱਸਾ ਤਾਂ ਬਥੇਰਾ ਆਇਆ ਦਾਂੜੀ ਦੀ ਸਹੁੰ, ਮੈਂ ਬੋਲਣ ਲੱਗਿਆ ਤਾਂ ਆਂਹਦਾ ...ਸਾਲੇ ਨੇ ਵੱਧ-ਘੱਟ ਖਾ ਲੀ ਹੋਣੀ ਐ...ਦਰਖਤਾਂ ਨੂੰ ਭੂਤ ਬਣਾਈ ਬੈਠਾ ਹੋਊ, ਐਨੀ ਠੰਡ 'ਚ ਆ ਕੇ ਮਰਨੈ ਭੂਤਾਂ ਨੇ ..?' ਭਲਾ ਬਾਈ ਦਰਖਤ ਹੱਸ ਸਕਦੇ ਐ ਆਪਣੇ ਆਂਗੂੰ ? ਤੇ ਘੁੰਗਰੂ—?' ਉਸ ਨੇ ਮੈਨੂੰ ਪੁੱਛਿਆ, ਫੇਰ ਛੇਤੀ ਹੀ ਬੋਲਿਆ—'ਨਾਲੇ ਤਾੜੀਆਂ ਵੱਜਣ ਗਿੱਧਾ ਪਵੇ, ਮੇਰਾ ਤਾਂ ਗੁਰੂ ਮਾਰ੍ਹਾਜ ਦੀ ਸੌਂਹ ਉਸ ਰਾਤ ਮੂਤ ਈ ਨਿਕਲ ਚਲਿਆ ਸੀ । ...ਸਰਦਾਰ ਉਲਟਾ ਮੈਨੂੰ ਟਿੱਚ ਈ ਜਾਣੇ । ਮੈਂ ਵੀ ਉਥੋਂ ਹਿੱਲਿਆ ਨਾ । ਫੇਰ ਉਹਨੇ ਖਿਝ ਕੇ ਰਜ਼ਾਈ ਮੂੰਹ ਤੋਂ ਲਾਹੀ...ਤੇ ਬਹਿ ਗਿਆ । ਜਵਾਂ ਈ ਬੱਗੇ ਕੁੱਕੜ ਅਰਗਾ ਸਿਰ, ਮੇਰੇ ਅੱਲ ਹਰਖ ਕੇ ਝਾਕਿਆ—ਫੇਰ ਜੂੜਾ ਕਰਨ ਲੱਗ ਪਿਆ। ਮੇਰੇ ਭੋਰਾ ਭੋਰਾ ਗੱਲ ਯਾਦ ਐ ਬਾਈ, ਪਤੈ ਕੀ ਆਂਹਦਾ...?

—ਕੀ ਆਂਹਦਾ...? ਮੈਂ ਵੀ ਉਸੇ ਰਉਂ ਵਿਚ ਪੁੱਛਿਆ ।

—ਆਂਹਦਾ ਜਾਹ ਸਰਦਾਰਨੀ ਤੋਂ ਚਾਹ ਪੀ ਲਾ ਜਾ ਕੇ ਅੰਦਰ, ਭੂਤ ਦਿਸਣੋਂ ਹਟ ਜਾਣਗੇ। ਸਾਲੇ ਨੂੰ ਠੰਢ ਲੱਗਦੀ ਹੋਣੀ ਐ, ਆ ਗਿਆ ਭਕਾਈ ਮਾਰਨ—।'

—ਮੈਂ ਕਹਿਣ ਤਾਂ ਲੱਗਾ ਸੀ...ਸਰਦਾਰਨੀ ਬਾਬੇ ਵਡਭਾਗ ਸਿਹੁੰ ਕੋਲ ਰਹੀ ਐ ਬਈ ਭੂਤ ਭਜਾ ਦੂ...। ਆਪਣੇ ਮਨ 'ਚ ਮੈਂ ਸਰਦਾਰ ਨੂੰ

——→

ਗਲਤੀ ਹੋ ਜਾਣੀ ਇਨਸਾਨੀਅਤ ਹੈ ਪਰ ਗਲਤੀ ਕਰ ਕੇ ਨਾ ਮੰਨਣਾ ਸ਼ੈਤਾਨੀਅਤ ਹੈ ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254



A Lifetime of
Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4

Ph. 859-4222

# The Manitoba Mirror
# ਮੈਨੀਟੋਬਾ ਦਰਪਣ


AUTOPAC
PROTECTING MANITOBANS ON THE MOVE

## Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ ਡੋਰੀਅਨ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ • ਵਿਉਪਾਰ • ਕਾਰ ਤੇ ਟਰੱਕ • ਜੀਵਨ ਬੀਮਾ • ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
- ਬੀਮਾਰ ਹੋ ਜਾਣ ਤੇ । • ਆਟੋ ਪੈਕ ਰੀਨੀਊ ਕਰਾਉਣ ਲਈ • ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

## AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ



Kulwant S. Brar
Manager & Owner

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

RE/MAX

**Ph. Off: (204) 694-5000**

**Res: 694-3198**

**Pager 942-7788 #02284**

## REMAX REALTY

10 - 2230 McPhillps St., Winnipeg, MB R2V 3C8



Sales Representative



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ



ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖ਼ਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

953 Notre Dame. Ave. WINNIPEG, MAN. R3E 0M8 **Ph. Bus. 772-3937**

**Res. 633-6567**

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

→

ਗਾਲ੍ਹਾਂ ਕੱਢਦਾ ਅੰਦਰ ਚਲਿਆ ਗਿਆ।

—ਵੇ ਤੂੰ ਕੀ ਪਾਠ ਕਰਦਾ ਔਨਾਂ ਲੰਡਿਆ—? ਸਰਦਾਰਨੀ ਨੇ ਗਰਮ ਸ਼ੌਲ ਦੀ ਬੁੱਕਲ ਠੀਕ ਕੀਤੀ ਤਾਂ ਬਾਈ ਉਹਦੇ ਝਕ੍ਹਲੀ ਆਲੇ ਕਾਂਟੇ ਦੀਵੇ ਦੀ ਲਾਟ ਆਂਗੂੰ ਲਿਸ਼ਕੇ। ...ਉਹਦੇ ਮਖੌਲ ਦਾ ਮੈਂ ਗੁੱਸਾ ਨਾ ਕੀਤਾ ਸੱਚੀਂ ਸਰਦਾਰਨੀ ਨੂੰ ਵੇਖ ਕੇ ਠੰਢ ਘੱਟ ਲੱਗਣ ਪੀ...

ਮੈਂ ਪ੍ਰੀਤੂ ਵੱਲ ਝਾਕਿਆ। ਉਸਦੀਆਂ ਅੱਖਾਂ ਵਿਚ ਚਮਕ ਸੀ ਤੇ ਉਸਦੇ ਚਿਹਰੇ ਦੀ ਪਿਲੱਤਣ ਵਿਚ ਜ਼ਰਾ ਕੁ ਲਾਲੀ ਭਾਅ ਮਾਰਨ ਲੱਗੀ ਸੀ।

...ਮੈਂ ਪਹਿਲਾਂ ਤੈਨੂੰ ਸਰਦਾਰਨੀ ਬਾਰੇ ਵੀ ਦੱਸ ਦਿਆਂ। ...ਬਾਈ ਇਹ ਦੂਜੇ ਵਿਆਹ ਦੀ ਵਹੁਟੀ ਐ ਸਰਦਾਰ ਦੀ। ਮਸਾਂ ਈ ਬਾਈ ਤੇਈ ਸਾਲ ਦੀ ਹੋਊਗੀ। ਪਹਿਲੀ ਤਾਂ ਪੁੱਤ ਦਾ ਹੇਰਵਾ ਲੈ ਕੇ ਈ ਪੂਰੀ ਹੋਗੀ। ਸਰਦਾਰ ਢੁੱਕਿਆ ਹੋਊ ਸੱਠਾਂ ਨੂੰ। ਜ਼ਮੀਨ ਤਾਂ ਅੱਗ ਲਾਇਆਂ ਨੀ ਮੁਕਦੀ ਅੱਸੀ ਕਿੱਲੇ ਤਾਂ ਇਕ ਟੱਕ ਦੇ ਈ ਐ। ਹੋਰ ਆਸੇ ਪਾਸੇ ਬਥੇਰੀ ਬਣਾਈ ਬੈਠੈ ਦੋ ਟਰੈਕਟਰ ਕੰਬੈਨ ਇਕ ਜੀਪ...ਹੁਣੇ ਜਹੇ ਇਕ ਮਰੂਤੀ ਲਿਆਂਇਐ ..। ਅਲਾਦ ਹੋਈ ਨੀ। ਰੱਬ ਵੀ ਓਥੇ ਈ ਰੱਖਦੈ ...। ਹੁਣ ਕਹਿ ਸੁਣ ਕੇ ਦੂਜਾ ਵਿਆਹ ਕਰਾ ਲਿਆ। ਉਹੋ ਜਿਹਾ ਭੈਣ ਦੇਣੇ ਮਾਪੇ ਆ। ਕਬਰ 'ਚ ਤਾਂ ਲੱਤਾਂ ਲਮਕਾਈ ਫਿਰਦੈ...ਕਿਸੇ ਨੂੰ ਪੁੱਛ ਦੱਸ ਲੌ ਪਰ ਕੀ ਪਤੈ ਬਾਈ...ਕੋਈ ਅੜਿਆ ਥੁੜਿਆ ਹੋਊ...ਸੋਚਿਆ ਹੋਊ ਰੱਬ ਦੇ ਘਾਟਾ ਨ੍ਹੀ, ਜੇ ਜੜ੍ਹ ਲੱਗ—ਗੀ, ਕੁੜੀ ਤਾਂ ਐਸ਼ ਕਰੂ ਸਾਰੀ ਉਮਰ...ਧਰ ਧਰ ਭੁੱਲੂ ...। ਪਰ ...ਪੂਰੇ ਚਾਰ ਸਾਲ ਹੋਗੇ ਵਿਆਹ ਕਰਾਏ ਨੂੰ, ਗਹਿਣੇ ਗੂਹਣਿਆਂ ਦਾ ਭਾਰ ਤਾਂ ਬਥੇਰਾ ਚੁੱਕੀ ਫਿਰਦੀ ਐ ਸਰਦਾਰਨੀ...ਪੈਰ ਭਾਰੇ ਨੀ ਹੋਏ ...

...ਸੁਨੱਖੀ ਅੰਤਾਂ ਦੀ...ਝਾਕਿਆ ਕਿਹੜਾ ਜਾਂਦੈ ਮੂੰਹ ਵੱਲ ਐਡਾ ਕੱਦ ਕਾਠ...ਪਹਿਲਾਂ ਪਹਿਲਾਂ ਤਾਂ ਘੁੱਟੀ ਵੱਟੀ ਜੀਹ ਰਹਿੰਦੀ ਸੀ। ਪਰ ਹੁਣ ਘਰ 'ਚ ਕਦੇ ਕਦੇ ਉਹਦਾ ਹਾਸਾ ਸੁਣਦਾ...

..ਆਥਣੇ ਸਰਦਾਰ ਦੀ ਬਾਹਰਲੀ ਬੈਠਕ ਵਿਚ ਰੋਜ਼ ਦਾਰੂ ਉਡਦੀ ਚਾਰ ਪੰਜ ਓਹਦੇ ਯਾਰ-ਬੇਲੀ ਹੁੰਦੇ। ਬਟੇਰੇ ਭੁੰਨ ਭੁੰਨ ਖਾਂਦੇ ਐ। ਸਰਦਾਰ ਦੀ ਰੋਟੀ ਵੀ ਬੈਠਕ ਵਿਚ ਹੀ ਜਾਂਦੀ ਐ—ਤੇ ਖਾ ਪੀ ਕੇ ਉਥੇ ਹੀ ਘੁਰਾੜੇ ਮਾਰਨ ਲੱਗ ਜਾਂਦਾ ਐ...

...ਬਾਈ ਮੈਂ ਦੇਖਦਾ, ਸਰਦਾਰਨੀ ਹਵੇਲੀ ਦੇ ਬਰਾਂਡੇ ਵਿਚ ਟੂਬ-ਲੈਟ ਆਂਗੂੰ ਜਗਦੀ ਇਧਰ ਉਧਰ ਤੁਰੀ ਫਿਰਦੀ ਤੇ ਓਧਰ ਸਰਦਾਰ ਫਲੂਜ ਹੋਏ ਬੱਲਬ ਆਂਗੂੰ ਬੈਠਕ 'ਚ ਨੇਰਾ ਕਰੀ ਪਿਆ ਰੈਂਹਦਾ।..

ਉਹ ਕੁਝ ਪਲ ਚੁੱਪ ਕਰ ਗਿਆ ਤੇ ਅੱਖਾਂ ਮੀਚੀ ਪਿਆ ਰਿਹਾ। ਜਿਵੇਂ ਸੱਚਮੁੱਚ ਹੀ ਉਹ ਕੋਈ ਦੁੱਖ ਅਨੁਭਵ ਕਰ ਰਿਹਾ ਹੋਵੇ!

—ਕੋਈ ਤਕਲੀਫ ਤਾਂ ਨਹੀਂ ਹੁੰਦੀ—?' ਮੈਂ ਫ਼ਿਕਰ ਨਾਲ ਪੁੱਛਿਆ। —

ਉਸਨੇ ਸਿਰ ਮਾਰ ਕੇ ਹੀ ਦੱਸਿਆ—'ਨਹੀਂ।'

—ਬਾਈ ਸਾਰਾ ਕੁਸ਼ ਈ ਰਲਿਆ ਮਿਲਿਆ ਜਿਆ ਪਿਐ...ਮੈਂ ਪਹਿਲਾਂ ਕੀ ਦੱਸਦਾ ਸੀ..? ਉਹ ਅੱਖਾਂ ਮੀਚੀ ਬੋਲਿਆ।

—ਤੂੰ ਦੱਸਦਾ ਸੀ ਚਾਹ ਪੀਣ ਗਿਆ ਸਰਦਾਰਨੀ ਕੋਲ। ਮੈਂ ਚੇਤਾ ਕਰਾਇਆ।

'—ਹਾਂਅ'। ਉਸਦੇ ਬੁਲ੍ਹਾਂ ਤੇ ਫਿਕੀ ਜਿਹੀ ਮੁਸਕਰਾਹਟ ਆਈ—'ਤੇ ਉਹ ਆਖਦੀ ਸੀ—ਵੇ ਤੂੰ ਕੀ ਪਾਠ ਜਿਹਾ ਕਰਦਾ ਔਨੈਂ...।' ਹੈ ਨਾ ...?' ਉਸਨੇ ਮੈਨੂੰ ਪੁੱਛਿਆ ਤੇ ਸਾਰੀ ਗੱਲ ਚੇਤੇ ਵਿਚ ਲਿਆ ਕੇ ਖੁਸ਼ ਹੋਇਆ। ਮੈਂ ਵੀ ਹੱਸ ਕੇ ਉਸਦੀ ਖੁਸ਼ੀ ਵਿਚ ਸ਼ਾਮਲ ਹੋਇਆ। ਉਹ ਪਹਿਲਾਂ ਨਾਲੋਂ ਥੋੜ੍ਹਾ ਕੁ ਹੋਰ ਟਹਿਕਰੇ 'ਚ ਹੋ ਗਿਆ।

—ਮੈਂ ਕਿਹਾ, 'ਆਪਣੇ ਕਮਾਦ 'ਚ ਰਾਤ ਨੂੰ ਭੂਤ ਆਉਂਦੇ ਐ ਸਰਦਾਰਨੀ।'

—ਉਸਨੇ ਮੈਨੂੰ ਫੇਰ ਛੇੜਿਆ, 'ਵੇ ਤੇਰੇ ਮਗਰ ਤਾਂ ਨ੍ਹੀ ਲੱਗ ਗਿਆ ਕੋਈ—?'

—ਬਾਈ ਗਰੀਬ ਆਦਮੀ ਨੂੰ ਟਿੱਚਰ ਕਰਨੀ, ਗਾਲ੍ਹਾਂ ਕੱਢਣੀਆਂ, — ਸਾਡੀਆਂ ਚਾਚੀਆਂ ਤਾਈਆਂ ਨੂੰ ਵੀ ਭਰਜਾਈਆਂ ਸਮਝਣਾਂ—ਸਾਡੀ ਕਿਸੇ ਸੱਚੀ ਗੱਲ ਤੇ ਵੀ ਯਕੀਨ ਨਾ ਕਰਨਾ...ਏਹ 'ਵੱਡੇ ਆਦਮੀ' (ਉਸਨੇ ਚੱਬ ਕੇ ਜਿਹੇ ਕਿਹਾ) ਆਪਣਾ ਹੱਕ ਸਮਝਦੇ ਐ ।...ਉਸਨੇ ਮੇਰੀ ਬਾਟੀ ਵਿਚ ਚਾਹ ਲਿਆ ਕੇ ਉਲੱਦੀ ਤਾਂ ਮੈਥੋਂ ਆਪ ਮੁਹਾਰੇ ਉਸਦੇ ਮੂੰਹ ਅੱਲ ਝਾਕਿਆ ਗਿਆ...ਆਂਹਦੀ, ਐਂ ਕੀ ਮੁੱਤਰ ਮੁੱਤਰ ਝਾਕਦੈਂ...ਚਾਹ ਪੀ ਲਾ...ਓਸ ਤੜਕੇ ਸਰਦਾਰਨੀ ਪਹਿਲਾਂ ਨਾਲੋਂ ਕੁਝ ਜਾਦੇ ਈ ਖਿੜੀ ਖਿੜੀ ਲਗਦੀ ਸੀ... ਅੱਗੇ ਪਿੱਛੇ ਤਾਂ ਖਿੜੀ ਰਹਿੰਦੀ ਸੀ...ਜਦੋਂ ਚਾਹ ਪਾ ਕੇ ਮੁੜੀ ਤਾਂ ਪੈਰਾਂ 'ਚ ਪਾਈ ਚੈਨ ਦੇ ਬੋਰ ਛਣਕੇ...

...ਜਦੋਂ ਮੈਂ ਚਾਹ ਪੀ ਕੇ ਮੁੜਿਆ ਤਾਂ ਸਰਦਾਰ ਆਂਹਦਾ—ਤੋਤੇ ਨੂੰ ਕਹੀਂ, ਸ਼ੈਹਰ ਜਾਣੈ ਅੱਜ। ਜੀਪ 'ਚ ਡੀਜ਼ਲ ਪਾ ਲੋ ਡਰੰਮ 'ਚੋਂ ਕੱਢ ਕੇ ... ਜੇ ਸਾਨੂੰ ਓਥੇ ਕਵੇਲਾ ਹੋ ਗਿਆ ਤਾਂ ਤੂੰ ਖੇਤ ਹੀ ਰਹੀਂ...। ਮੈਂ ਤਾਂ ਆਖ-ਤਾ, ਮੈਂ ਅੱਜ ਖੇਤ ਨੀ ਸੌਣਾ-ਸੂਣਾ ਸਰਦਾਰਾ। ਅੱਗੋਂ ਮੇਰੇ ਗਲ ਹੀ ਪੈ ਗਿਆ...ਆਂਹਦਾ ਐਵੇਂ ਮੋਕ ਮਾਰੀ ਜਾਂਦੇ ਢੇਡ...'

ਮੈਂ ਵੀ ਕਹਿਤਾ—ਪੈ ਕੇ ਤਾਂ ਵੇਖ ਇਕ ਦਿਨ...?

ਉਹ ਸਾਲਾ ਵੱਢ-ਖਾਣੇ ਕੁੱਤੇ ਆਂਗੂੰ ਘੁਰਕਿਆ...ਜੇ ਮੈਂ ਈ ਖੇਤ ਪੈਣੈਂ ਤਾਂ ਤੈਨੂੰ ਰੋਟੀ ਤੇ ਘਸੌਣੈ...?"

—ਚੰਗਾ ਫੇਰ, ਹੋਰ ਲੱਭ ਲਾ ਕੋਈ, ਮੈਂ ਤਾਂ ਆਵਦੇ ਘਰ ਈ ਜਾਊਂ ਜਦੋਂ ਮੈਂ ਗੁੱਸੇ ਨਾਲ ਆਖਿਆ ਤਾਂ ਜਰਕ ਗਿਆ। ਰੋਟੀ ਪਾਣੀ ਤੇ ਕੋਈ ਬੰਦਾ ਥਿਆਉਂਦੈ ਅੱਜ ਕੱਲ—? ਚੌਵੀ ਘੰਟਿਆਂ ਦਾ ਗੁਲਾਮ। ਸਾਲਾ ਲੇਲੇ-ਪੇਪੇ ਜਹੇ ਭਰਨ ਲੱਗ ਪਿਆ...ਮੈਂ ਅੱਜ ਚੱਲੂ...ਵੇਖਾਂਗੇ ਤੇਰੇ ਭੂਤ ਨੂੰ...ਆਪਣੀ ਦੁਨਾਲੀ ਬੰਦੂਕ ਮੂਹਰੇ ਨੱਚਦੇ ਵੇਖੀਂ...ਜੇ ਕੋਈ ਭੂਤਣੀ ਹੋਈ ਤਾਂ ਚਾਦਰ ਪੁਆ ਦਿਆਂਗੇ ਤੇਰੀ...।' ਮੈਂ ਭਰਾਵਾ ਥੋੜ੍ਹਾ ਕੇ ਹੌਂਸਲੇ 'ਚ ਹੋ ਗਿਆ।...

...ਦਿਨੇ ਪਿੰਡ 'ਚ ਮੈਂ ਜੀਹਨੂੰ ਵੀ ਦੱਸਿਆ—ਕੋਈ ਸੱਚ ਈ ਨ੍ਹਾਂ ਮੰਨੇ। ਕੋਈ ਆਖੇ ਸੁਣਿਆ ਤਾਂ ਸੀ ਵਈ ਭੂਤ ਹੁੰਦੇ ਐ...ਕੋਈ ਆਖੇ ਅੱਧੀ ਰਾਤ ਨੂੰ ਅੱਗ ਵੀ ਤੁਰੀ ਫਿਰਦੀ ਵੇਖੀ ਐ...ਕੋਈ ਆਖੇ ਚਿਮਟੇ ਆਲੇ ਸਾਧ ਨੂੰ ਬਲਾਓ...ਕੋਈ ਆਖੇ ਤਰਕਸ਼ੀਲ ਆਲਿਆਂ ਨੂੰ ਸੱਦੋ...ਕੋਈ ਮੈਨੂੰ ਪੁੱਛੇ...ਲੰਡਿਆਂ ਤੂੰ ਅੱਖੀਂ ਵੇਖਿਆ ਸੀ ਭੂਤ? ਮੈਂ ਬਥੇਰਾ ਬਾਈ ਪੁੱਠੇ-ਸਿੱਧੇ ਹੱਥ ਤੇ ਵਿੰਗਾ-ਟੇਢਾ ਮੂੰਹ ਬਣਾ ਕੇ ਲੋਕਾਂ ਨੂੰ ਦੱਸਿਆ...ਐਡੇ ਐਡੇ ਦੰਦ...ਵਾਲ ਖਿਲਰੇ ਵੇ....ਸਿਰ ਤੇ ਸਿੰਗ...ਨੰਗ ਧੜੰਗੇ... ਪੁੱਠੇ ਪੈਰ...ਗਿੱਧਾ ਪਾਉਣ, ਕਿਲਕਾਰੀਆਂ ਮਾਰਨ..., ਪਰ ਸੱਚੀਂ...ਆਪ ਮੈਂ ਕੁਸ਼ ਨੀ ਸੀ ਦੇਖਿਆ, ਮੇਰਾ ਅੰਦਰਲਾ ਈ ਸਹਿਮ ਗਿਆ ਸੀ। ...ਮੈਂ ਸੱਚੀਂ ਡਰਿਆ ਹੋਇਆ ਸੀ...। ਮਾਣ ਨ੍ਹੀ ਕਰਦਾ। ਆਥਣੇ ਖੇਤ ਜਾਣ ਨੂੰ, ਮੇਰੀ ਰੂਹ, ਉੱਕਾ ਈ ਨਾਬਰ ਹੋਈ ਖੜ੍ਹੀ ਸੀ। ਮੈਂ ਤਾਂ ਲੋਕਾਂ 'ਚ ਡਰ ਜਿਹਾ ਪਾ ਕੇ ਆਪਣੇ ਮਨ ਨੂੰ ਈ ਤਕੜਾ ਕਰਦਾ ਸੀ....ਫਿਰ ਅਚਾਨਕ ਪ੍ਰੀਤੂ ਨੂੰ ਕੁਝ ਯਾਦ ਆ ਗਿਆ, ਬੋਲਿਆ—ਸੱਚ ਬਾਈ...ਤੋਤੇ ਦੀ ਗੱਲ ਤਾਂ ਵਿਚੇ ਈ ਰਹਿਗੀ।'

...ਤੋਤਾ ਵੀਹ ਇਕੀ ਸਾਲ ਦਾ ਹੋਣੈ। ਪੂਰਾ ਗੱਭਰੂ ਛੇ ਫੁੱਟਾ ਜੁਆਨ, ਕਾਲਾ ਪੱਕਿਆ ਰੰਗ। ਸਾਡੇ ਮੁੰਡੇ ਜਾਂ ਤਾਂ ਅਮਲੀ ਬਣਾ ਦਿੰਦੇ ਐ ਕੰਮ ਕਰਾਉਣ ਆਲੇ ਜਾਂ ਫਿਰ ਟੁੰਡੇ ਜਾਂ ਲੰਗੜੇ — ਪਰ ਬਾਈ ਉਹ ਸਹੁਰੇ ਤੇ ਪਤਾ ਨੀ ਕੀ ਮਰਨ-ਮਿੱਟੀ ਚੜ੍ਹੀ ਸੀ...ਤਿੰਨ ਚਾਰ ਪਿੰਡਾਂ 'ਚ ਓਹਦੀ ਕੌਡੀ ਦੀ ਧਾਂਕ ਸੀ ਜੰਮੀ ਵੀ...ਉਹਦੇ ਨਾਂ ਤੇ ਲੋਕ ਕੌਡੀ ਦੇਖਣ ਔਂਦੇ ਸੀ।

...ਭਾਰ ਚੁੱਕਣ 'ਚ ਉਹ ਪਿੰਡਾਂ ਦੇ ਮੇਲਿਆਂ 'ਚੋਂ ਕਈ ਆਰੀ ਘਿਉ ਦੇ ਪੀਪੇ ਜਿੱਤ ਕੇ ਲਿਆਇਆ ਸੀ। ...ਮੇਲਿਆਂ ਦੀ ਅੱਧੀ ਭੀੜ ਤਾਂ ਤੋਤੇ ਦੀ ਕੌਡੀ ਦੇਖਣ ਆਸਤੇ ਈ ਰੁਕੀ ਰੈਂਹਦੀ ਸੀ। ...ਫਨੀਅਰ ਸੀ ਬਾਈ...ਫਨੀਅਰ..ਪਿੰਡਾ ਵੀ ਕਾਲੇ ਨਾਗ ਆਂਗੂੰ ਲਿਸ਼ਕਦਾ ...। ਸਰਦਾਰ ਨੂੰ ਬੜਾ ਮਾਣ ਸੀ ਤੋਤੇ ਤੇ।...ਪਿਛੇ ਜਹੇ ਨੌਜਵਾਨ ਸਭਾ ਨੇ ਖੇਡ ਮੇਲਾ ਕਰਾਇਆ ਸੀ, ਆਪਣੇ ਪਿੰਡ। ਤੋਤਾ ਜਦੋਂ ਕੌਡੀ ਪੌਣ ਜਾਂਦਾ ਜਾਂ ਆਪਣੇ ਦੂਜੇ ਪਾਸੇ ਦੂਜੀ ਟੀਮ ਦੇ ਕਿਸੇ ਮੁੰਡੇ ਦਾ ਮਰੋਚਾ ਫੜਦਾ ਤਾਂ ਸਰਦਾਰ ਹਰ ਗੇੜੇ 'ਕੱਤੀ ਰੁਪਈਏ ਵੇਲ ਕਰਾਉਂਦਾ ...

...ਬਾਈ ਮੈਂ ਓਹਦੀਆਂ ਕੀ ਕੀ ਸਿਫਤਾਂ ਕਰਾਂ, ਉਹ ਟਰੈਕਟਰ, ਕੰਬੈਨ...ਜੀਪ.. ਮਰੂਤੀ, ਸਾਰਾ ਕੁਝ ਚਲਾ ਲੈਂਦਾ ਸੀ...। ਸਰਦਾਰ ਦੀ ਸੱਜੀ ਬਾਂਹ ਸੀ ਉਹ। ਬਾਹਰ ਅੰਦਰ ਜਾਣਾ ਹੁੰਦਾ, ਦੁਨਾਲੀ ਤੋਤੇ ਦੇ ਮੋਢੇ ਪਾਈ ਹੁੰਦੀ, ਕਈ ਓਹਦੇ ਨਾਲ ਈਰਖਾ ਕਰਦੇ...ਆਖਦੇ, ਚੂੜ੍ਹਾ ਲਿੱਚ-ਗੜਿਚੀਏ...ਨਾ ਧਰਤੀ ਅਸਮਾਨ...। ਅਜਿਹੀਆਂ ਗੱਲਾਂ ਸੁਣ ਕੇ ਉਹ ਹੋਰ ਲਾਚੜਦਾ ਸੀ।....

.. ਪਰ ਇਕ ਵਾਕਿਆ ਦੀ ਸਮਝ ਨ੍ਹੀ ਪਈ ਬਾਈ...ਮੈਂ ਵੀ ਸਰਦਾਰ ਦੇ ਘਰ ਹੀ ਔਂਦਾ-ਜਾਂਦਾ ਸੀ ਹਰ ਵੇਲੇ...। ਸਰਦਾਰਨੀ ਤੇ ਤੋਤੇ ਦੀ ਗਿੱਟ-ਮਿੱਟ ਕਿਵੇਂ ਹੋਈ ਸ੍ਹੀਟੀ ਕਿਵੇਂ ਰਲੀ। ਤੋਤਾਂ ਤਾਂ ਪਤੰਦਰ ਸੰਗਾਊ ਈ ਬਾਹਲਾ ਸੀ ਤੀਵੀਆਂ ਦੇ ਮਾਮਲੇ 'ਚ .... ਫੇਰ ਸਰਦਾਰਨੀ ਮਰਗੀ ਹੋਊ ਕਾਲੇ ਨਾਗ ਤੇ...ਸਰਦਾਰ ਤਾਂ ਬੁੱਢੇ ਢੱਗੇ ਆਂਗੂੰ ਮੋਕ ਮਾਰਨ ਜੋਗਾ ਈ ਸੀ..'

ਪ੍ਰੀਤੂ ਨੇ ਲੰਮਾ ਸਾਹ ਲਿਆ, ਜਿਵੇਂ ਫੇਰ ਥੱਕ ਗਿਆ ਹੋਵੇ ਤੇ ਉਸਨੇ ਅੱਖਾਂ ਮੀਚ ਲਈਆਂ। ਮੈਂ ਚੁੱਪ ਚਾਪ ਉਸਦੇ ਚਿਹਰੇ ਦੇ ਹਾਵ-ਭਾਵ ਦੇਖਦਾ ਰਿਹਾ ..।

ਉਹ ਅੱਖਾਂ ਮੀਚੀ ਹੀ ਹੌਲੀ ਹੌਲੀ ਬੋਲਿਆ...'ਦੋ ਕੁ ਮਹੀਨਿਆਂ ਦੀ ਸਰਦਾਰਨੀ ਸਾਡੇ ਨਾਲ ਖੁਲ੍ਹ ਕੇ ਬੋਲਣ ਲੱਗੀ ਸੀ...ਓਹੀ ਮਾਲਕਾਂ ਆਲਾ ਰੋਹਬ...ਸਰਦਾਰੀ ਦਾ ਮਾਣ ਇਕ ਦਿਨ ਪਤਾ ਨੀ ਪਹਿਲਾਂ ਕੀ ਗੱਲ ਹੋਈ ਹੋਊ...ਮੈਂ ਅੰਦਰ ਵੜ੍ਹਿਆ ਈ ਸੀ, ਤੋਤਾ ਤੇ ਸਰਦਾਰਨੀ ਖਿੜ ਖਿੜ ਹੱਸੀ ਜਾਣ...ਓਸ ਦਿਨ ਮੈਨੂੰ ਪਤਾ ਲੱਗਿਆ ਸਰਦਾਰਨੀ ਹੱਸਣ ਵੀ ਜਾਣਦੀ ਐ। ...ਪਹਿਲਾਂ ਤਾਂ ਉਹ ਸਾਰਾ ਦਿਨ ਮੱਥੇ 'ਚ ਤਿਊੜੀਆਂ ਪਾਈ ਰੱਖਦਾ ਸੀ। ...ਐਵੇਂ ਨੱਕ ਬੁੱਲ੍ਹ ਜਹੇ ਚੜ੍ਹੌਂਦੀ ਰਹਿੰਦੀ ਸੀ..ਸਾਡੇ 'ਚੋਂ ਉਹਨੂੰ ਸੂਗ ਆਉਂਦੀ ਸੀ...

ਪਰ ਇਹ ਤਾਂ ਅਲੋਕਾਰ ਗੱਲ ਸੀ ਬਾਈ...ਕੀ ਪਤਾ ਸੀ...ਤੋਤਾ ਐਨਾ 'ਤਾਂਹ ਚੜ੍ਹ ਜੂਗਾ...ਤੇ ਸਰਦਾਰਨੀ ਐਨੀ ਹੇਠਾਂ ਉਤਰ ਆਊਗੀ ..।

...ਓਹ ਦਿਨ ਤਾਂ ਬਾਈ ਮੈਂ ਕਿਵੇਂ ਨਾ ਕਿਵੇਂ ਲੋਕਾਂ 'ਚ ਝੂਠ ਤੂਫਾਨ ਮਾਰ ਕੇ ਟਪਾ ਲਿਆ। ਮੈਨੂੰ ਤਾਂ ਰਾਤ ਤੋਂ ਡਰ ਆਉਂਦਾ ਸੀ...ਨ੍ਹੇਰਾ ਚਾਹ ਵੇਖ ਕੇ ਮੈਨੂੰ ਕਾਂਬਾ ਛਿੜਨ ਲੱਗਾ। ਰਾਤ ਆਲੀ ਰੋਟੀ ਖਾ ਕੇ ਵੀ ਮੇਰਾ ਖੁਰਲੀ ਤੋਂ ਉਠਣ ਨੂੰ ਜੀਅ ਨਾ ਕਰੇ...। ਸਰਦਾਰ ਨੇ ਆ ਕੇ ਹੁਕਮ ਚਾੜ੍ਹਤਾ...'ਮੋਟਰ ਤੇ ਚੱਲ ਵਈ...ਜੇ ਕੋਈ ਪੱਖਾ ਖੋਹਲ ਕੇ ਲੈ ਗਿਆ ਤੇਰੇ ਤਾਂ ਸਾਰੇ ਸਾਲ ਦੇ ਪੈਸੇ ਕੱਟ ਕੇ ਵੀ ਪੂਰੇ ਨੀ ਹੋਣੇ...ਮੈਂ ਕਿਹਾ....ਸਰਦਾਰਾ ਤੂੰ ਆਖਿਆ ਸੀ...ਮੈਂ ਚੱਲੂੰ ਅੱਜ...। ਤੈਨੂੰ ਕਿਹਾ ਤਾਂ ਸੀ ਆਊਂ...ਆਊਂਗਾ...। ਉਹ ਮੈਨੂੰ ਭੱਜ ਕੇ ਪਿਆ। ਮੈਂ ਡਰਦੇ ਡਰਦੇ ਨੇ ਕਿਹਾ ਤੋਤੇ ਨੂੰ ਭੇਜ ਦੇ ਮੇਰੇ ਨਾਲ ...'ਓਹਨੂੰ ਵੀਹ ਕੰਮ ਐ, ਸਾਲਾ ਕਰਦਾਂ ਕੀ ਐ...। ਉਹਦੇ ਗੁੱਸੇ ਤੋਂ ਡਰਦਾ ਮੈਂ ਉਠ ਖੜੋਤਾ। ਪਰ ਖੇਤ ਜਾਣ ਨੂੰ ਮੇਰਾ ਉਕਾ ਈ ਜੀਅ ਨਾ ਕਰੇ ...।

...ਕਮਾਦ ਆਲੀ ਮੋਟਰ ਜਵਾਂ ਵਿਚਾਲੇ ਐ। .... ਆਸੀਂ ਪਾਸੀਂ ਚਾਰ ਕਿੱਲੇ ਕਮਾਦ ਐ। ਸੰਘਣਾ ਸਾਲਾ ਐਨਾ ਬੰਦਾ ਤਾਂ ਕੀ, ਸੱਪ ਨੀ ਲੰਘਦਾ ਵਿਚੋਂ ਦੀ ...। ਭਰਾਵਾ ਹਾੜੇ ਵੀ ਕੌਣ ਸੁਣਦੈ...ਮੈਂ ਪੈਰ ਜੋਹ

→


# ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:
**NARESH SHUKLA & BROS.**

# S. & S. INSURANCE

**6658 Main St. Vancouver**

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan

RENEW EARLY INSURANCE

* FINANCING AVAILABLE
* SAFE DRIVING DISCOUNT (if eligible)

**Ph. 324-5711**



ਹਰਦੇਵ ਸਿੰਘ ਗਿੱਲ

324-5711

# ਸਨਅਤੀ ਦੇਸ਼ਾਂ 'ਚ ਹਥਿਆਰਾਂ 'ਤੇ ਖਰਚ 'ਚ 10 ਫੀਸਦੀ ਵਾਧਾ

ਪੈਰਿਸ — 1987 ਵਿਚ ਸੰਸਾਰ ਭਰ ਵਿਚ ਫੌਜ ਤੇ ਹਥਿਆਰਾਂ ਉਤੇ ਖਰਚ ਵਧ ਕੇ 930 ਅਰਬ ਡਾਲਰ ਹੋ ਗਿਆ ਹੈ। ਇਹ ਰਕਮ 1986 ਨਾਲੋਂ 5.4 ਫੀਸਦੀ ਵੱਧ ਹੈ, ਇਹ ਜਾਣਕਾਰੀ ਵਾਸ਼ਿੰਗਟਨ ਦੀ ਇਕ ਗੈਰ-ਸਰਕਾਰੀ ਖੋਜ ਸੰਸਥਾ ਵਲੋਂ ਦਿਤੀ ਗਈ ਹੈ।

87 'ਚ ਸਨਅਤੀ ਦੇਸ਼ਾਂ ਵਿਚ ਹਥਿਆਰਾਂ ਉਤੇ ਖਰਚਾ ਵਧ ਕੇ 790 ਅਰਬ ਡਾਲਰ ਹੋ ਗਿਆ ਹੈ ਜਿਹੜਾ ਇਸ ਤੋਂ ਪਿਛਲੇ ਵਰ੍ਹੇ ਨਾਲੋਂ 9.6 ਫੀਸਦੀ ਵੱਧ ਹੈ। ਤੀਜੇ ਸੰਸਾਰ ਦਾ ਖਰਚ 3.6 ਫੀਸਦੀ ਘਟਿਆ ਹੈ ਅਤੇ ਇਹ 140 ਅਰਬ ਰੁਪਏ ਹੈ। ਅਧਿਐਨ ਬਿਊਰੋ ਨੇ ਸੰਸਾਰ ਭਰ ਵਿਚ ਫੌਜੀਆਂ ਦੀ ਗਿਣਤੀ 1987 ਵਿਚ 266 ਲੱਖ ਸੀ ਜੋ ਕਿ 1986 ਨਾਲੋਂ 8 ਲੱਖ ਵੱਧ ਸੀ। 1987 ਵਿਚ ਸੰਸਾਰ ਭਰ ਵਿਚ 22 ਜੰਗਾਂ ਜਾਂ ਝਗੜੇ ਹੋਏ ਜਿਨ੍ਹਾਂ ਵਿਚ 22 ਲੱਖ ਲੋਕ ਮਾਰੇ ਗਏ।


LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

**GABA TRAVELS (1982) LTD.**

6612 MAIN ST., VANCOUVER, B.C. V5X 3H2

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

**Tel. (604) 324-3336**

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM

**AUTHORIZED AGENTS FOR AIR INDIA**
AND NOW WE ARE AUTHORISED

TOLL FREE NO.
B. C. & ALBERTA
1—800 663 6696

**K.L.M.**
(ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

| | | |
|---|---|---|
| **GABA TRAVELS** | **GABA TRAVELS** | **GABA TRAVELS** |
| (Opposit Friends Theatre) | V.P.O. NURMAHAL | NEW DELHI |
| JALLANDHAR CITY | JALLANDHAR | |
| TEL. 74597 | TEL. 49 | |

LM KLM KLM KLM KLM KLM KLM KLM KLM

KLM KLM KLM KLM KLM KLM KLM KLM KLM



## ਉਤਰੀ ਅਮਰੀਕਾ ਦਾ ਪਹਿਲਾ ਤੇ ਨਿਰੋਲ ਪੰਜਾਬੀ ਸਾਹਿਤਕ ਮਾਸਕ ਪੱਤਰ

# ਕਲਮ

- ਸਾਲਾਨਾ ਚੰਦਾ 15 ਡਾਲਰ
- ਜੇ ਕੋਈ ਸੱਜਣ ਇੰਡੀਆ, ਇੰਗਲੈਂਡ ਜਾਂ ਹੋਰ ਕਿਸੇ ਦੇਸ਼ ਨੂੰ ਪਰਚਾ ਭਿਜਵਾਉਣਾ ਚਾਹੁੰਦਾ ਹੋਵੇ ਤਾਂ ਪਰਚੇ ਦਾ ਚੰਦਾ 25 ਡਾਲਰ ਹੋਵੇਗਾ।

### ਚੰਦੇ ਦਾ ਫ਼ਾਰਮ

I am enclosing a ☐ cheque ☐ M.O. ☐ Draft as my Subscription for the year(s)....... I may be sent the magazine at the following address:
Name.................................................
Address..............................................
City.................................................
Province.............................................
Postal code..........................................
PHONE.

ਰਚਨਾਵਾਂ ਤੇ ਚੰਦੇ ਅੱਜ ਹੀ ਭੇਜੋ

ਭੇਜਣ ਦਾ ਪਤਾ :

The KALAM Monthly
P.O.BOX 67344 Stn. '0'
Vancouver, B.C., Canada V5W 3T1



# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲੱਵੋ**

ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।



# ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.k.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ 'ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।
- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।

ਮਲਕੀਤ ਸਿੰਘ ਪਰਹਾਰ
(ਇੰਮੀਗਰੇਸ਼ਨ ਸਲਾਹਕਾਰ)
Res: 521-5061

## IMMIGRATION PROBLEMS?

Let us assist you as we have been doing since 1946

**Complete Immigration Service in Canada**

| | |
|---|---|
| Sponsoring Immediate Family | Investors Immigration |
| Close Relatives | Entrepreneurs Immigration |
| Independent Immigrants | Self-Employed Immigration |
| Fiance (e) Application | Family Business Immigration |
| Student Visa | Work Permit |
| Refugee Application | Retired Person Application |
| Visitors Visa | Release Hearing |
| Adoption Application | Immigration Inquiry |
| Returning Resident Permit | Immigration Appeal |
| Citizenship Application | Preparing Application Forms |
| Orphan Relatives Application | Etc.... |

FREE consultation for first interview

**Malkit Singh Parhar & Daljit Sandhu**
IMMIGRATION CONSULTANTS
World Wide Immigration & Documentation Services
2127 — Kingsway, Vancouver, B.C. Canada
Off. (604) 430-6611

ਘੜੀਸਦਾ ਖੇਤ ਵੱਲ ਤੁਰ ਗਿਆ। ਡਰਦਾ ਮੈਂ ਪਹੀ ਦੀ ਪੁਲੀ ਤੇ ਹੀ ਬੈਠਾ ਰਿਹਾ। ਕਿਸੇ ਪਾਸੇ ਮਾੜਾ ਜਿਹਾ ਖੜਾਕ ਹੁੰਦਾ, ਮੈਂ ਡਰ ਜਾਂਦਾ। ਕਈ ਆਰੀ ਆਪਣੇ ਆਪ ਨੂੰ ਗਾਲ੍ਹਾਂ ਵੀ ਕੱਢੀਆਂ...ਬੰਦਾ ਐਨਾ ਕੱਚਾ ਕੀ ਹੋਵੇ। ਪਰ ਮਨ ਅੰਦਰੋਂ ਡੋਲਿਆ ਖੜ੍ਹਾ ਸੀ। ਐਂ ਲੱਗੇ...ਜਿਵੇਂ ਮੇਰੇ ਆਸੀਂ ਪਾਸੀਂ ਭੂਤ ਈ ਭੂਤ ਫਿਰਦੇ ਐ..। ਜੇ ਅੱਜ ਸਰਦਾਰ ਨਾ ਆਇਆ। ...ਮੈਨੂੰ ਤਾਂ ਨੀ ਛੱਡਦੇ...।

...'ਨੇਰਾ ਹੋ ਗਿਆ, ਸਰਦਾਰ ਤਾਂ ਸੱਚੀਓਂ ਈ ਆਇਆ ਨ੍ਹਾ...ਠੰਢ ਬਹੁਤ ਵੱਧ-ਗੀ ਸੀ। ਮੈਂ ਜੇਰਾ ਕਰਕੇ 'ਵਾਖਰੂ-ਵਾਖਰੂ' ਕਰਦਾ ਖਾਲ ਦੀ ਵੱਟੋ-ਵੱਟ ਮੋਟਰ ਵੱਲ ਤੁਰ ਪਿਆ। ਇਕ ਆਰੀ ਤਿਲਕਿਆ ਤਾਂ ਐ ਲੱਗਿਆ ਜਿਵੇਂ ਪਿਛੋਂ ਕਿਸੇ ਭੂਤ ਨੇ ਧੱਕਾ ਦਿੱਤਾ ਹੋਵੇ। ਮੇਰੀ ਲੇਰ ਨਿਕਲ ਗਈ...।' ਉਹ ਚੁੱਪ ਕਰ ਗਿਆ।

ਮੈਂ ਦੇਖਿਆ, ਪ੍ਰੀਤੂ ਦੇ ਚਿਹਰੇ ਤੋਂ ਹੁਣ ਵੀ ਡਰ, ਸਹਿਮ ਤੇ ਦਹਿਸ਼ਤ ਪਸਰ ਗਈ ਸੀ। ਉਹ ਮੈਨੂੰ ਪਹਿਲਾਂ ਵਾਂਗ ਹੀ ਭੈ-ਭੀਤ ਜਿਹਾ ਤੇ ਓਪਰਾ ਓਪਰਾ ਜਾਪਣ ਲੱਗਾ। ਮਨ 'ਚ ਆਈ ਕਾਹਨੂੰ ਛੇੜਨਾ ਸੀ, ਪਤਾ ਨੀ ਕਿੰਨੀ ਤਕਲੀਫ ਹੁੰਦੀ ਹੋਊ? ਪਰ ਛੇਤੀ ਹੀ ਉਹ ਬੋਲ ਪਿਆ...

...ਮੋਟਰ ਆਲੀ ਕੋਠੜੀ ਕੋਲ ਪਹੁੰਚ ਕੇ ਸਰਦਾਰ ਨੂੰ ਮੈਂ ਦਸ-ਪੰਦਰਾਂ ਗਾਲ੍ਹਾਂ ਕੱਢੀਆਂ ਤੇ ਫੇਰ ਕੋਠੜੀ ਨੂੰ ਅੰਦਰੋਂ ਕੁੰਡਾ ਮਾਰ ਕੇ ਬਹਿ ਗਿਆ...

—ਸਰਦਾਰ ਆਇਆ ਨ੍ਹਾ ਫੇਰ ਓਸ ਰਾਤ —? ਉਸਦੇ ਡਰ ਵਿਚ ਮੈਨੂੰ ਵੀ ਦਿਲਚਸਪੀ ਹੋਣ ਲੱਗੀ ਸੀ।

—ਦੱਸਦਾਂ। ਉਸਨੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਚੁੱਪ ਰਹਿਣ ਲਈ ਕਿਹਾ। ਅੱਧਾ ਕੁ ਮਿੰਟ ਉਹ ਉਵੇਂ ਬੈਠਾ ਆਪਣਾ ਸਾਹ ਟਿਕਾਣੇ ਕਰਦਾ ਰਿਹਾ, ਫਿਰ ਬੋਲਿਆ,

—ਕਿੰਨੇ ਈ ਚਿਰ ਪਿਛੋਂ ਬੂਹਾ ਖੜਕਿਆ। ...ਮੇਰੀ ਪਤਾ ਨ੍ਹੀ ਅੱਖ ਲੱਗ ਗੀ ਸੀ...ਮੈਂ ਡਰ ਗਿਆ। ਪਰ ਸਰਦਾਰ ਦੀ ਆਵਾਜ਼ ਪਛਾਣ ਕੇ ਮੈਂ ਬੂਹਾ ਖੋਹਲ-ਤਾ। ਓਹਨੂੰ ਕਿਹਾ...ਐਨੀ ਦੇਰ ਲਾਅ—ਤੀ? ਮੈਨੂੰ ਆਂਹਦਾ, ਤੂੰ ਤਾਂ ਤੀਵੀਆਂ ਨਾਲੋਂ ਵੀ ਗਿਆਂ ਗੁਜ਼ਰਿਆ ਨਿਕਲਿਆ ਸਹੁਰੀ ਦਿਆ। ਗੁੱਸਾ ਮੈਨੂੰ ਆਇਆ ਤਾਂ ਬਹੁਤ ਸੀ—ਕੱਢਦਾ ਕੀਹਦੇ ਤੇ — ਹਾਂਡੀ ਉਬਲੂ ਤਾਂ ਆਪਣੇ ਈ ਕੰਢੇ ਸਾੜੂ ਬਾਈ। ਸਰਦਾਰ ਦੀ ਕੱਲ੍ਹ ਨੂੰ ਫੇਰ ਲੋੜ ਪੈ ਸਕਦੀ ਸੀ। ਚੁੱਪ ਕਰਕੇ ਮੰਜਾ ਸਰਦਾਰ ਨੂੰ ਛੱਡ-ਤਾ ਤੇ ਆਪ ਝੋਨੇ ਦੀ ਪਰਾਲੀ ਤੇ ਜਾ ਬੈਠਾ। ...ਸਰਦਾਰ ਨੇ ਦੁਨਾਲੀ ਸਾਹਮਣੇ ਟਿਕਾ ਤੀ। ਮੈਂ ਵੀ ਕੁਸ਼ ਟਹਿਕਰੇ 'ਚ ਹੋ ਗਿਆ। ਮੈਂ ਤਾਂ ਹੈਰਾਨ ਸੀ। ਸਰਦਾਰ ਬੜਾ ...। ਮੈਨੂੰ ਆਂਹਦਾ, ਲੰਗੜਿਆ ਅੱਜ ਆਊਗਾ ਤੇਰਾ ਭੂਤ?'

—ਮੈਂ ਕੁਸ਼ ਨੀ ਬੋਲਿਆ। ਉਸ ਨੇ ਤਿੰਨ ਚਾਰ ਗਾਲ੍ਹਾਂ ਕੱਢੀਆਂ ਪਤਾ ਨੀ ਮੈਨੂੰ...ਪਤਾ ਨੀ ਭੂਤ ਨੂੰ...ਪਤਾ ਨੀ ਠੰਢ ਨੂੰ...ਤੇ ਫੇਰ ਉਹ ਦਾਰੂ ਦੇ ਨਸ਼ੇ 'ਚ ਟਿਕ ਗਿਆ। ...

—ਘੰਟੇ ਕੁ ਮਗਰੋਂ...ਕਮਾਦ 'ਚ ਹਿਲ-ਜੁਲ ਜੀਹ ਹੋਈ, ਜਿਵੇਂ ਕੋਈ ਗੰਨੇ ਪੱਟਦਾ ਹੋਵੇ...। ਮੇਰੇ ਤਾਂ ਫੂਸ ਉੱਡ-ਗੇ। ਡਰਦੇ ਡਰਦੇ ਨੇ ਸਰਦਾਰ ਨੂੰ ਹਲੂਣਿਆ...ਸਰਦਾਰਾ...ਭੂ...ਭੂਤ ਆ ਗੇ। ਮੈਨੂੰ ਕਾਂਬਾ ਛਿੜ ਗਿਆ।

...ਸਰਦਾਰ ਉਠ ਕੇ ਮੇਰੇ ਅੱਲ ਬੇ ਜਕੀਨਾ ਜਿਹਾ ਝਾਕਿਆ ਤੇ ਫਿਰ ਬੰਦੂਕ ਫੜ ਕੇ ਉਠ ਖੜ੍ਹਾ। ਮਲਕੜੇ ਜੇਹ ਕੁੰਡਾ ਖੋਹਲ ਕੇ ਅਸੀਂ ਬਾਹਰ ਆ ਗੇ —। ਸਾਹ ਰੋਕ ਕੇ ਬਿੜਕ ਲਈ—ਕਮਾਦ ਦੇ ਪਰਲੇ ਪਾਸਿਓਂ ਫੇਰ ਹਿਲ ਜੁਲ ਜੀਹ ਹੋਈ। ਮੈਂ ਤਾਂ ਡਰਦਾ ਸਰਦਾਰ ਦੇ ਪਿਛੇ ਹੋ ਗਿਆ। ਇਕ ਲੱਤ ਦਾ ਆਰੀ, ਜੇ ਕੋਈ ਗੱਲ ਬਣਗੀ...ਮੈਥੋਂ ਤਾਂ ਭੱਜਿਆ ਵੀ ਨ੍ਹੀ ਜਾਣਾ...। ਮੈਨੂੰ ਐਂ ਲੱਗਿਆ, ਜਿਵੇਂ ਸਰਦਾਰ ਵੀ ਜਰਕਿਆ ਖੜ੍ਹਾ ਸੀ। ਮੈਂ ਨੇਰੇ 'ਚ ਈ ਓਹਦੇ ਮੂੰਹ ਵੱਲ ਝਾਕਿਆ ਤੇ ਹੌਲੀ ਜੇਹੀ ਕਿਹਾ—'ਤੂੰ ਤਾਂ ਮੰਨਦਾ ਈ ਨ੍ਹੀ ਸੀ...? ਵੇਖ ਲਾ ਹੁਣ?

...ਪਤਾ ਨ੍ਹੀ ਸਰਦਾਰ ਹੱਤਕ ਮੰਨ ਗਿਆ ਹੋਊ, ਉਹਨੇ ਲਲਕਾਰਾ ਮਾਰਿਆ — ਕਿਹੜਾ ਉਏ ਦੇ ...?' ਕਮਾਦ 'ਚ ਐਂ ਖੜਾਕ ਹੋਇਆ, ਜਿਵੇਂ ਕੋਈ ਸਾਡੇ ਵੱਲ ਭੱਜਦਾ ਆਉਂਦਾ ਹੋਵੇ...।... ਸਰਦਾਰ ਨੇ ਬੰਦੂਕ ਤਾਣ — ਲੀ...। ਓਦੋਂ ਹੀ ਗਿੱਦੜਾਂ ਦਾ ਇਕ ਜੋੜਾ ਸਾਡੇ ਕੋਲੋਂ ਦੀ ਖਾਲ ਟੱਪ ਕੇ ਦੂਸਰੇ ਕਿੱਲੇ 'ਚ ਜਾ ਵੜਿਆ। ਸਰਦਾਰ ਨੇ ਗਾਲ੍ਹਾਂ ਦਾ ਮੀਂਹ ਵਰ੍ਹਾਤਾ— ਮੈਂ ਨਾ ਉਤਲੀ ਦੰਦੀਂ ਨਾ ਹੇਠਲੀ ਦੰਦੀਂ...ਬੜੀ ਨਮੋਸ਼ੀ ਹੋਈ ਸਾਲੀ...ਇਹ ਗੱਲ ਕੀ ਬਣਗੀ? ਓਹ ਹਾਸਾ...ਉਹ ਘੁੰਗਰੂਆਂ ਦੀ 'ਵਾਜ —। ਬੱਸ, ਬਾਈ ਹੇਠੀ ਹੋਣੀ ਸੀ ਹੋਗੀ..., ਸਰਦਾਰ ਗਾਲ੍ਹਾਂ ਕੱਢੀ ਗਿਆ ਤੇ ਮੈਂ ਨੀਵੀਂ ਪਾਈ ਝੱਲੀ ਗਿਆ ..।

...ਮੇਰੇ ਭਾਅ—ਦੀ ਤਾਂ ਓਦੋਂ ਬਣੀ...ਜਦੋਂ ਸਰਦਾਰ ਮੋਢੇ ਦੁਨਾਲੀ ਲਟਕਾ ਕੇ ਆਂਹਦਾ...'ਮੈਂ ਤਾਂ ਚੱਲਿਆਂ ਘਰ ਨੂੰ...।'

—ਤੇ ਮੈਂ ...?' ਸੱਚੀਂ ਬਾਈ ਮੇਰਾ ਲਹੂ ਪਾਣੀ ਬਣ ਗਿਆ ਸੁਣ ਕੇ।

—ਤੈਨੂੰ ਬਘਿਆੜ ਖਾਂਦੇ ਐ...ਸਾਲੀ ਜਾਤ...ਮੇਰੀ ਵੀ ਨੀਂਦ ਖਰਾਬ ਕਰਤੀ—'.

—ਮੈਂ ਤਾਂ ਇਕ ਟੂਕ ਆਖਤਾ..ਨਾ ਸਰਦਾਰਾ ਮੈਂ ਵੀ ਨਾਲ ਈ ਚੱਲੂੰ ਤੇਰੇ।

—ਉਹ ਬੜਾ ਔਖਾ ਭਾਰਾ ਹੋਇਆ...ਆਂਹਦਾ, ਠੀਕ ਐ...ਤੇਰੇ ਨਾਲ ਵੀ ਗੱਲ ਕਰਨੀਓਂ ਈ ਪੈਣੀ ਐਂ ਸਵੇਰੇ..'

...ਮੈਂ ਚਿੱਤ 'ਚ ਆਖਿਆ, ਸਵੇਰ ਕੀਹਦੀ ਮਾਂ ਦੀ, ਹੁਣ ਰਾਤ ਤਾਂ ਕੱਟੀਏ, ਸਵੇਰੇ ਵੇਖੀ ਜਾਊ...। ਅਸੀਂ ਅੱਗੜ ਪਿਛੜ ਖਾਲ ਤੇ ਤੁਰ ਕੇ ਬਾਹਰ ਆ ਰਹੇ ਸੀ। ਪਹੀ ਦੇ ਨਾਲ ਲੱਗਦੇ ਕਮਾਦ 'ਚ ਸਰਦਾਰ ਦੀ ਹਵੇਲੀ ਦੇ ਐਨ ਪਿਛੇ, ਮੈਨੂੰ ਫੇਰ ਸ਼ੱਕ ਪਈ... ਮੈਂ ਸਰਦਾਰ ਨੂੰ ਬਾਹੋਂ ਫੜ ਕੇ ਰੋਕ ਲਿਆ। ...ਟਿਕੀ ਰਾਤ 'ਚ ਸਾਨੂੰ ਘੁਸਰ-ਮੁਸਰ ਜੀਹ ਸੁਣੀ ਤੇ ਫੇਰ ਹਾਸਾ...।'



## .ਗ਼ਜ਼ਲ

**ਜਸਪਾਲ ਸੂਸ**

ਥਾਂ ਥਾਂ ਉਤੇ ਖੂਨ ਖਰਾਬਾ ਕਰਦੇ ਕਿਉਂ।
ਵੀਰੋ ਵੀਰਾਂ ਨਾਲ ਤੁਸੀਂ ਹੋ ਲੜਦੇ ਕਿਉਂ।
ਧਰਤ ਹੈ ਰੰਗੀ ਖੂਨ ਡੋਲ੍ਹ ਮਾਸੂਮਾਂ ਦਾ,
ਅਸਲੀ ਦੁਸ਼ਮਣ ਨੂੰ ਤੁਸੀਂ ਨਹੀਂ ਫੜਦੇ ਕਿਉਂ।
ਚਿੱਟੇ ਦਿਨ ਵਿਚ ਘੁੱਪ ਹਨੇਰਾ ਕੀਤਾ ਏ,
ਵਾਂਗ ਕਰੋਧੀ ਬਿਨਾ-ਵਜਾ ਤੋਂ ਸੜਦੇ ਕਿਉਂ।
ਕੱਠੇ ਹੋਏ ਮੌਸਮ ਦੇ ਨਾਲ ਲੜਨਾ ਜੇ,
ਸੁੱਕੀ ਇਕ-ਇਕ ਪੱਤੀ ਵਾਂਗਰ ਝੜਦੇ ਕਿਉਂ।
ਸਮਝੋ ਭਾਸ਼ਾ ਅੱਖੀਉਂ ਵਗਦੇ ਹੰਝੂ ਦੀ,
ਐਟਮੀ ਅਤੇ ਜਨੂੰਨੀ ਭਾਸ਼ਾ ਪੜ੍ਹਦੇ ਕਿਉਂ।
ਸਿਖੋ ਤੁਰਨਾ ਪਾ ਬਾਹਾਂ ਵਿਚ ਬਾਹਾਂ ਨੂੰ,
ਵੈਰ ਈਰਖਾ ਦੇ ਸਾਗਰ ਵਿਚ ਹੜਦੇ ਕਿਉਂ।
ਮਾਂ ਬੋਲੀ ਤੋਂ ਪਾਸਾ ਵੱਟਕੇ ਦੂਰ ਹੋਏ,
ਜੇ ਕੋਈ ਕਹੇ ਹਰਾਮੀਂ ਤਾਂ ਫਿਰ ਲੜਦੇ ਕਿਉਂ।
ਐ! ਵਤਨ ਮੇਰੇ ਦੇ ਲੋਕੋ ਹਾਏ! ਕੁਝ ਸੋਚੋ,
ਆਪਣੇ ਛੱਡਕੇ ਗੈਰਾਂ ਦਾ ਹੱਥ ਫੜਦੇ ਕਿਉਂ।
ਥਾਂ ਥਾਂ ਉਤੇ ਖੂਨ ਖਰਾਬਾ ਕਰਦੇ ਕਿਉਂ,
ਵੀਰੋ ਵੀਰਾਂ ਨਾਲ ਤੁਸੀਂ ਹੋ ਲੜਦੇ ਕਿਉਂ।

## .ਗ਼ਜ਼ਲ

**ਜਸਪਾਲ ਸੂਸ**

ਪਾਉਂਦੇ ਵਾਹਲਾ ਸ਼ੋਰ ਜੋ ਸੱਜਣ।
ਨਿਕਲੇ ਹੋਰ ਦੇ ਹੋਰ ਉਹ ਸੱਜਣ।
ਮੁਖੜੇ ਚੁੱਪ ਦੀ ਮੋਹਰ ਸਜਾ ਕੇ,
ਫਿਰਦੇ ਆਦਮ ਖੋਰ ਉਹ ਸੱਜਣ।
ਚੁਗਲੀ ਨਿੰਦਿਆ ਸ਼ੌਕ ਬਣ ਗਿਆ,
ਹਰ ਥਾਂ ਦਿੰਦੇ ਭੋਰ ਉਹ ਸੱਜਣ।
ਮਾੜੇ ਉਤੇ ਪਏ ਜਮਾਉਂਦੇ,
ਥਾਂ ਥਾਂ ਤੱਕੋ ਜ਼ੋਰ ਉਹ ਸੱਜਣ।
ਹਰ ਬੰਦੇ ਦੀ ਦੁਖਦੀ ਰਗ ਤੇ,
ਜਾਣ ਕੇ ਲਾਉਂਦੇ ਠੋਰ ਉਹ ਸੱਜਣ।
ਜਦ ਦਾਅ ਲੱਗੇ ਲੋੜ-ਬੰਦਾਂ ਤੋਂ,
ਡਾਲਰ ਲੈਣ ਬਟੋਰ ਉਹ ਸੱਜਣ।
ਫੰਕਸ਼ਨ ਜਾਂ ਕੋਈ ਹੋਏ ਸੰਮੇਲਨ,
ਬਾਂਹ ਚੁੱਕ ਪਾਵਣ ਸ਼ੋਰ ਉਹ ਸੱਜਣ,
ਮਾਲ ਚੋਰੀ ਦਾ ਦਾਨ ਵੀ ਕਰਦੇ,
ਹੁੰਦੇ ਜਦ ਵਿਚ ਲੋਰ ਉਹ ਸੱਜਣ।
ਮੈਂ ਨਹੀਂ ਕਹਿੰਦਾ ਕਹਿੰਦੇ ਸਾਰੇ,
ਚੋਰਾਂ ਦੇ ਨੇ ਚੋਰ ਉਹ ਸੱਜਣ।

...ਸਰਦਾਰ ਨੇ ਫੇਰ ਲਲਕਾਰਾ ਮਾਰਿਆ। ਕਮਾਦ 'ਚ ਖੜ੍ਹ ਖੜ੍ਹ ਹੋਈ ਤੇ ਦੋ ਕਾਲੇ ਪਰਛਾਵੇਂ ਕਮਾਦ ਵਿਚੋਂ ਨਿਕਲ ਕੇ ਪਹੀ ਵੱਲ ਭੱਜੇ...ਸਰਦਾਰ ਨੇ ਘੋੜਾ ਨੱਪ-ਤਾ। ...ਪਤਾ ਨੀ ਮੇਰੀ ਲੇਰ ਨਿਕਲੀ... ਪਤਾ ਨ੍ਹੀ ਪਹੀ ਆਲੇ ਖਾਲ 'ਚ ਡਿੱਗਣ ਆਲੇ ਦੀ, ਪਤਾ ਈ ਨ੍ਹੀ ਲੱਗਿਆ।...

...ਮੈਨੂੰ ਚੇਤਾ ਐ ਬਾਈ, ਓਦੋਂ ਹੀ ਖਾਲੀ ਵਾਹਣ 'ਚੋਂ ਆਂਡਿਆਂ ਤੇ ਬੈਠੀ ਟਟੀਹਰੀ ਬੂ-ਪਾਹਰਿਆਂ ਕਰਦੀ ਉਡੀ—ਜਿਵੇਂ ਪੁੱਛਦੀ ਹੋਵੇ— ਕੀਹਨੂੰ ਮਾਰਿਆ ...?...ਕੀਹਨੂੰ ਮਾਰਿਆ...?

...ਦੂਜੇ ਪਰਛਾਵੇਂ ਦਾ ਸਾਨੂੰ ਪਤਾ ਈ ਨ੍ਹੀ ਲੱਗਿਆ, ਕਿਧਰ ਭੱਜ ਗਿਆ।

...ਸਰਦਾਰ ਤੇ ਮੈਂ ਹਵੇਲੀ ਆਣ ਵੜੇ। ... ਹੁਣ ਸਰਦਾਰ ਵੀ ਮੈਨੂੰ ਡਰਿਆ ਲਗਦਾ ਸੀ ...। ਮੈਨੂੰ ਤਾਂ ਕਾਂਬੇ ਨਾਲ ਤੇਜ਼ ਬੁਖਾਰ ਚੜ੍ਹ ਗਿਆ ਤੇ ਮੈਨੂੰ ਕੋਈ ਸੁਰਤ ਨਾ ਰਹੀ...।

ਹੁਣ ਪ੍ਰੀਤੂ ਦੇ ਚਿਹਰੇ ਤੇ ਪੂਰਾ ਥਕੇਵਾਂ ਝਲਕਦਾ ਸੀ। ਮੈਂ ਚਾਹੁੰਦਾ ਸਾਂ ਉਹ ਕੁਝ ਦੇਰ ਲਈ ਆਰਾਮ ਕਰ ਲਵੇ। ਇਹ ਵੀ ਮੈਂ ਮਹਿਸੂਸ ਕਰਦਾ ਸਾਂ, ਜਿਵੇਂ ਆਪਣੇ ਮਨ ਦੀ ਭੜਾਸ ਕੱਢਣ ਲਈ ਉਹ ਹੱਦੋਂ ਵੱਧ ਉਤਾਵਲਾ ਸੀ।

ਕਮਰੇ ਦੀ ਇਕ ਨੁੱਕਰ 'ਚ ਲਟਕਦੇ ਜਾਲਿਆਂ ਵੱਲ ਉਹ ਇਕ ਟੱਕ ਤੱਕ ਰਿਹਾ ਸੀ...ਜਿਵੇਂ ਆਪਣੇ ਬੀਤੇ ਦੇ ਸਾਹਮਣੇ ਖੜ੍ਹਾ ਹੋਵੇ। ਉਦਾਸ ਅੱਖਾਂ ਨਾਲ ਉਹ ਮੇਰੇ ਵੱਲ ਜ਼ਰਾ ਕੁ ਝਾਕਿਆ ਤੇ ਫਿਰ ਜਾਲਿਆਂ ਭਰੀ ਨੁੱਕਰ ਵੱਲ ਤੱਕਣ ਲੱਗਾ।

...ਦਿਨ ਚੜ੍ਹਦੇ ਚੜ੍ਹਦੇ ਸਾਰੇ ਪਿੰਡ ਵਿਚ ਰੌਲਾ ਪੈ ਗਿਆ...ਤੋਤੇ ਦੀ ਲਾਸ਼ ਖਾਲ 'ਚ ਪਈ ਐ। ...ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਈਆਂ...ਲੋਕੀਂ ਅਜੇ ਵੀ ਸੋਚਦੇ ਸੀ...ਭੂਤ ਆਪਣਾ ਕਾਰਾ ਕਰ ਗਿਆ ...ਤਕੜੇ ਦਿਨ ਚੜ੍ਹੇ ਮੈਂ ਵੀ ਹੌਲੀ ਹੌਲੀ ਉਠਿਆ...ਲੋਕ ਵਹੀਰਾਂ ਘੱਤ ਕੇ ਲਾਸ਼ ਦੇਖਣ ਆ ਰਹੇ ਸੀ। ਮੈਂ ਵੀ ਭੀੜ 'ਚ ਜਾ ਖੜ੍ਹਾ ...। ਇਕ ਗੱਲ ਮੈਨੂੰ ਬਾਹਲਾ ਹਰਾਨ ਕਰੀ ਜਾਂਦੀ ਸੀ...ਐਨੀ ਗਈ ਰਾਤ ਤੋਤਾ ਓਥੇ ਕੀ ਲੈਣ ਗਿਆ ਸੀ—? ਮਨ 'ਚ ਸ਼ੰਕਾ ਹੋਈ... ਕਿਤੇ ਸਰਦਾਰਨੀ...? ਫੇਰ ਸੋਚਿਆ, ਉਹਨੂੰ ਕਮਾਦ 'ਚ ਆਉਣ ਦੀ ਕੀ ਲੋੜ ਸੀ...? ਹਵੇਲੀ ਦੇ ਕਮਰੇ ਥੋੜ੍ਹੇ ਨੇ ...?...ਲੋਕਾਂ ਤੋਂ ਟੇਢ ਜਿਹੀ ਵੱਟ ਕੇ ਮੈਂ ਜੱਕੋ-ਤੱਕੀ 'ਚ ਕਮਾਦ ਅੰਦਰ ਨੂੰ ਹੋ ਲਿਆ...ਜਿਥੋਂ ਹੱਸਣ ਦੀਆਂ 'ਵਾਜਾਂ ਸੁਣੀਆਂ ਸਨ ...ਓਥੇ ਕਮਾਦ ਦੇ ਮੁੱਢਾਂ 'ਚ ਪਈ ਚੁੰਨੀ ਵੇਖ ਕੇ ਤਾਂ ਮੇਰੀਆਂ ਅੱਖਾਂ ਡੁੱਲ-ਗੀਆਂ। ...ਮੈਂ ਤਾਂ ਤਾਪ-ਤੂਪ ਭੁੱਲ ਗਿਆ, ਸੋਚਿਆ, ਇਕ ਗੰਨਾ ਪੱਟ ਕੇ ਸਿਰੇ ਤੇ ਚੁੰਨੀ ਬੰਨ੍ਹਾਂ ਤੇ ਝੰਡਾ ਬਣਾ ਕੇ ਪਿੰਡ 'ਚ ਜਲੂਸ ਕੱਢਾਂ ...। ਫਿਰ ਮੈਂ 'ਰਾਦਾ ਬਦਲ ਲਿਆ, ਸੋਚਿਆ, ਸਰਦਾਰ ਤੋਂ ਇਨਾਮ ਲਵਾਂਗੇ ਤਕੜਾ...। ਚੁੰਨੀ ਨੂੰ ਮੈਂ ਕੁੜਤੇ ਹੇਠਾਂ ਦੀ ਲੱਕ ਨਾਲ ਬੰਨ੍ਹ ਲਿਆ ਤੇ ਸਿੱਧਾ ਸਰਦਾਰ ਕੋਲ ਹਵੇਲੀ ਆ ਗਿਆ।...

...ਰਾਹ 'ਚ ਕਈਆਂ ਨੇ ਮੈਨੂੰ ਪੁੱਛਿਆ...। ਉਹ ਭੂਤ ਆਲੀ ਗੱਲ ਸੱਚ ਮੰਨੀ ਫਿਰਦੇ ਸਨ। ... ਕਈਆਂ ਨੇ ਜਿਰਾਹ ਵੀ ਕੀਤੀ, ਕੋਈ ਆਖੇ ... ਅਤਿਵਾਦੀਆਂ ਦਾ ਕਾਰਾ ਹੋਊ...। ਕੋਈ ਆਖੇ ਪਤਾ ਕਰੋ ਪਿੰਡ 'ਚ ਏਹਦੀ ਦੁਸ਼ਮਣੀ ਕੀਹਦੇ ਨਾਲ ਸੀ...? ਜਿੰਨੇ ਮੂੰਹ ਓਨੀਆਂ ਗੱਲਾਂ —।

ਜਦੋਂ ਮੈਂ ਸਰਦਾਰ ਦੀ ਬੈਠਕ 'ਚ ਗਿਆ ਤਾਂ ਪਤਾ ਲੱਗਿਆ, ਉਹਨੇ ਇਕ ਬੰਦਾ ਥਾਣੇ ਭੇਜਤਾ ਸੀ 'ਤਲਾਹ ਦੇਣ। ...ਮੈਂ ਲੱਕ ਨਾਲੋਂ ਚੁੰਨੀ ਖੋਹਲ ਕੇ ਸਰਦਾਰ ਮੂਹਰੇ ਤਾਣ-ਤੀ ...। ਆਖਿਆ...ਆਹ ਵੀ ਮਿਲੀ ਐ ਕਮਾਦ 'ਚੋਂ...ਪਛਾਣ ਲਾ...।"

...ਸਰਦਾਰ ਦੇ ਚਿਹਰੇ ਤੋਂ ਹਵਾਈਆਂ ਉਡਗੀਆਂ, ਪਰ ਜਦੇ ਈ ਭੜਕ ਪਿਆ, ਸਾਲਾ...ਆਂਹਦਾ...ਕਜਾਤੇ ਔਕਾਤ ਵੇਖੀ ਐ ਆਵਦੀ? ਵਿਚੇ ਈ ਪੀ ਜਾ ਏਸ ਗੱਲ ਨੂੰ ...! ਜੇ ਧੂੰਆਂ ਵੀ ਬਾਹਰ ਕੱਢਿਆ ਤਾਂ ਸਾਰੇ ਵਿਹੜੇ ਨੂੰ ਫੂਕ ਦੂੰ...। ਦੋਵੇਂ ਫਾਂਸੀ ਚੜ੍ਹਾਂਗੇ ਕੰਜਰ ਦਿਆ ...।

...ਮੈਂ ਸੱਚੀਂ ਡਰ ਗਿਆ। ਬਾਈ, ਚੁੰਨੀ ਚੁੱਕ ਕੇ ਜਿਵੇਂ ਮੈਂ ਕੋਈ ਪਾਪ ਕਰ ਲਿਆ ਹੋਵੇ ...। ਓਸ ਦਿਨ ਦਾ ਮੈਂ ਮੰਜੇ ਤੋਂ ਨੀ ਉਠਿਆ...ਵਿਚੇ-ਵਿਚ ਝੋਰਾ ਲੱਗ ਗਿਆ ਮੈਨੂੰ...ਜੇ ਕਿਸੇ ਨੂੰ ਪਤਾ ਲੱਗ ਗਿਆ...ਦੋਹਾਂ ਨੂੰ ਫਾਂਸੀ ਹੋ ਜੂ...।'

...ਕਿੰਨੇ ਹੀ ਦਿਨਾਂ ਪਿਛੋਂ ਸੁਣਿਆ—ਪੁਲਸ ਆਪਣੀ ਕਾਰਵਾਈ ਕਰ ਗਈ ਸੀ...। 'ਖਬਾਰ 'ਚ ਖਬਰ ਵੀ ਛਪੀ ਸੀ ਆਂਹਦੇ...ਸ਼ੱਕੀ ਹਾਲਤ 'ਚ ਲਾਸ਼ ਮਿਲੀ ਐ...ਪਛਾਣ ਹੋ ਗਈ ਐ...। ਕਾਤਲਾਂ ਦਾ ਪਤਾ ਨ੍ਹੀ ਲੱਗਿਆ ਅਜੇ ...।' ਪ੍ਰੀਤੂ ਵਿਅੰਗਆਤਮਕ ਹਾਸਾ ਹੱਸਿਆ।

ਉਸਦੇ ਹਾਸੇ ਦਾ ਮਤਲਬ ਮੈਂ ਸਮਝਦਾ ਸਾਂ।

...ਬਾਈ, ਕਦੇ ਕਦੇ ਜੀਅ ਕਰਦੈ...ਸਰਦਾਰਨੀ ਨੂੰ ਜਾ ਕੇ ਪੁੱਛਾਂ...ਤੈਨੂੰ ਕਮਾਦ 'ਚ ਜਾਣ ਦੀ ਕੀ ਲੋੜ ਸੀ...। ਏਸੇ ਗੱਲ ਨੇ ਈ ਮੈਨੂੰ ਅੱਧਾ ਬੀਮਾਰ ਕੀਤੈ... ਮੈਨੂੰ ਸਮਝ ਈ ਨ੍ਹੀ ਔਂਦੀ ... ਸਰਦਾਰਨੀ ਨੂੰ ਖੇਤ ਜਾਣ ਦੀ ਕੀ ਲੋੜ ਸੀ...? ਉਹ ਜਦੋਂ ਚਾਹੁੰਦੀ ਤੋਤੇ ਨੂੰ ਘੁਰ ਬੁਲਾ ਸਕਦੀ ਸੀ...।

ਬਾਹਰ ਕੋਈ ਖੰਘਿਆ। ਪ੍ਰੀਤੂ ਚੁੱਪ ਕਰ ਗਿਆ। ਮੈਂ ਉਠ ਕੇ ਵੇਖਿਆ ਤਾਂ ਸਰਦਾਰ ਕਿਸ਼ਨ ਸਿੰਘ ਨੂੰ ਬਾਹਰ ਖੜ੍ਹਾ ਵੇਖ ਕੇ ਹੈਰਾਨ ਹੋ ਗਿਆ।

—ਕੀ ਹਾਲ ਐ ਹੁਣ—? ਨੀਵੇਂ ਜਿਹੇ ਦਰਵਾਜ਼ੇ ਵਿਚੋਂ ਅੰਦਰ ਝਾਕ ਕੇ ਉਸਨੇ ਪ੍ਰੀਤੂ ਨੂੰ ਬੁਲਾਇਆ।

ਪ੍ਰੀਤੂ ਨੇ ਸਰਦਾਰ ਨੂੰ ਵੇਖ ਕੇ ਤਿਊੜੀਆਂ ਪਾਈਆਂ ਤੇ ਕੰਧ ਨਾਲ ਢੋਅ ਲਾ ਕੇ ਅੱਖਾਂ ਮੀਚ ਲਈਆਂ।

—ਭੂਤ ਦਾ ਪਹਿਰਾ ਛੱਡਦੈ, ਬੰਦੇ ਨੂੰ. ਵੇਖ ਕੀ ਹਾਲਤ ਬਣੀ ਐ ...।' ਸਰਦਾਰ ਨੇ ਤਰਸ ਜਿਹੇ ਨਾਲ ਸਿਰ ਹਿਲਾਇਆ।...

ਪ੍ਰੀਤੂ ਨੇ ਅੱਖਾਂ ਖੋਹਲੀਆਂ ਤੇ ਸਿੱਧਾ ਸਰਦਾਰ ਵੱਲ ਝਾਕਿਆ...ਇਕ ਭੂਤ ਤਾਂ ਮੇਰੇ ਸਾਹਮਣੇ ਖੜੈ ਸਰਦਾਰਾ...।' ਉਹ ਹੌਲੀ ਪਰ ਦ੍ਰਿੜਤਾ ਨਾਲ ਬੋਲਿਆ। — ਉਸ ਦੀ ਜੁਰਅਤ ਤੇ ਮੈਂ ਹੈਰਾਨ ਹੋਇਆ।

—ਕਿਸੇ ਸਿਆਣੇ ਤੋਂ ਅਲਾਜ ਕਰਾਉਣਾ ਪਊਗਾ...।' ਆਖ ਕੇ ਸਰਦਾਰ ਨੀਵੀਂ ਪਾ ਗਿਆ ਤੇ ਪਿੱਠ ਮੋੜ ਕੇ ਚਲਿਆ ਗਿਆ।

ਪਰ, ਮੈਨੂੰ ਜਾਪਿਆ, ਪ੍ਰੀਤੂ ਹੁਣ ਹੌਲੀ ਹੌਲੀ ਤਕੜਾ ਹੋਣ ਲਗ ਪਵੇਗਾ।

# ਚਲੰਤ ਮਾਮਲੇ

ਗੁਰਨਾਮ ਸਿੰਘ ਸੰਘੇੜਾ

## ਬੀ. ਸੀ. ਵਿਚ ਸਰਕਾਰੀ ਸੇਵਾਵਾਂ ਦਾ ਪ੍ਰਾਈਵੇਟ-ਕਰਣ

ਗੁਰਨਾਮ ਸਿੰਘ ਸੰਘੇੜਾ

ਬੀ. ਸੀ. ਦੀ ਸਰਕਾਰ ਨੇ 1983 ਵਿਚ ਸੋਸ਼ਲ ਸਰਵਸਿਜ਼ ਦੀਆਂ ਕਟੌਤੀਆਂ ਵੱਲ ਵੱਡਾ ਕਦਮ ਚੁਕਿਆ ਅਤੇ ਹੁਣ ਉਸ ਤੋਂ ਭੀ ਕੰਮ ਤੇਜ਼ ਹੈ। ਇਸ ਸਦੀ ਦੇ ਪੰਜਵੇਂ ਤੇ ਛੇਵੇਂ ਦਹਾਕੇ ਵਿਚ ਤਾਂ ਲੋਕਾਂ ਨੇ ਖੁਸ਼ਹਾਲੀ ਦੇ ਕਾਰਨ ਜਦੋ ਜਹਿਦ ਕੀਤੀ ਕਿ ਲੋਕਾਂ ਨੂੰ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਕੇਂਦਰੀ ਤੇ ਸੂਬਾਈ ਸਰਕਾਰ ਭੀ ਸਮਾਜ ਸੇਵਾਵਾਂ ਦਾ ਆਧਾਰ ਚੌੜਾ ਕਰਨ ਲਈ ਤਿਆਰ ਹੋਇਆ। 1975 ਵਿਚ ਜਦੋਂ ਸੋਕਰਡ ਪਾਰਟੀ ਜਿੱਤੀ ਤਾਂ ਬਿੱਲ ਵੈਂਡਰਜ਼ਾਮ ਹਿਊਮਨ ਰਿਸੋਰਸਿਜ਼ ਦਾ ਮੰਤਰੀ ਬਣਿਆ ਤਾਂ ਇਸ ਨੇ ਵੈਲਫੇਅਰ ਲੈਣ ਵਾਲਿਆਂ ਵਿਰੁਧ ਨਾ ਪੱਖੀ ਬਿਆਨ ਛੱਡੇ ਅਤੇ ਸਖਤੀਆਂ ਆਰੰਭੀਆਂ। 1976 ਵਿਚ ਲੋਕ ਨੁਮਾਇੰਦਗੀ ਵਾਲਾ ਵੈਨਕੂਵਰ ਰੀਸੋਰਸ ਬੋਰਡ ਤੋੜ ਦਿਤਾ। ਫਿਰ ਹਿਊਮਨ ਰਾਈਟਸ ਬਰਾਂਚ ਅਤੇ ਹਿਊਮਨ ਰਾਈਟਸ ਕਮਿਸ਼ਨ ਬੀ ਸੀ ਤੋੜ ਦਿਤੇ। ਬੀ ਸੀ ਦੇ ਹਿਊਮਨ ਰਾਈਟਸ ਸੱਤਾ ਰਹਿਤ ਅਤੇ ਮੁਰਦਾ ਲਾਸ਼ ਦੇ ਤੁਲ ਕਰ ਦਿੱਤਾ। ਪਰਿਵਾਰ ਸਹਾਇਤਾ ਪਰੋਗਰਾਮ ਘਟਾ ਦਿਤਾ। ਬੱਚਿਆਂ ਸਬੰਧੀ ਕੁਝ ਸਰਵਿਸਿਜ਼ ਘਟਾ ਦਿੱਤੀਆਂ ਅਤੇ ਐਮਰਜੈਂਸੀ ਸਲਾਹਕਾਰ ਸਰਵਿਸ ਖਤਮ ਕੀਤੀ। ਇਸ ਹੀ ਤਰ੍ਹਾਂ ਸਕੂਲ ਤੋਂ ਬਾਹਰ ਫਿਰਦੇ ਬੱਚਿਆਂ ਲਈ ਆਊਟ ਰੀਚ ਸਰਵਿਸ ਖਤਮ ਕਰ ਦਿੱਤੀ। ਕਮਿਊਨਿਟੀ ਪਰੋਗਰਾਮਾਂ ਵਿਚ ਭਾਰੀ ਕਟੌਤੀਆਂ ਕੀਤੀਆਂ ਗਈਆਂ। ਬੱਚਿਆਂ ਲਈ ਸਪੈਸ਼ਲ ਵਿਦਿਆ ਅਤੇ ਉਹਨਾਂ ਲਈ ਅਧਿਆਪਕ ਕਾਫੀ ਘਟਾਏ ਗਏ ਹਨ। ਹੁਣ ਸਕੂਲਾਂ ਦਾ ਪ੍ਰਾਈਵੇਟ ਕਰਣ ਅਤੇ ਵਿਦਿਆ ਪ੍ਰਾਪਤ ਕਰਨ ਲਈ ਵਾਊਚਰ ਸਿਸਟਮ ਕਰਨ ਦੀ ਗੱਲ ਚਲ ਰਹੀ ਹੈ। ਵਾਊਚਰ ਰਾਹੀਂ ਚੰਗੀ ਵਿਦਿਆ ਪ੍ਰਾਪਤ ਨਹੀਂ ਕੀਤੀ ਜਾ ਸਕੇਗੀ। ਸੋ ਅਮੀਰ ਤੇ ਗਰੀਬ ਲਈ ਵੱਖਰਾ ਢਾਂਚਾ ਇਸ ਹੀ ਤਰ੍ਹਾਂ ਹਸਪਤਾਲਾਂ ਵਿਚ ਤੇ ਡਾਕਟਰੀ ਲਈ ਭੀ ਦੋ ਤੈਹਾਂ ਜਾਂ ਪੱਧਰਾਂ ਦਾ ਪ੍ਰਬੰਧ ਹੋਵੇਗਾ ਜੋ ਮਾਇਕ ਸ਼ਕਤੀ ਦੇ ਅਨੁਸਾਰ ਖਰੀਦਿਆ ਜਾ ਸਕੇਗਾ।

ਇਕ ਗੱਲ ਜ਼ਰੂਰ ਸਾਫ ਸਮਝ ਲੈਣੀ ਚਾਹੀਦੀ ਹੈ ਕਿ ਇਹ ਪ੍ਰਾਈਵੇਟ ਕਰਣ ਕੋਈ ਆਪ ਮੁਹਾਰਾ ਸੁਪਨਾ ਨਹੀਂ ਅਤੇ ਨਾ ਹੀ ਬੇ-ਸਮਝੀ ਦੇ ਕਾਰਨ ਹੈ। ਇਹ ਭੀ ਗੱਲ ਨਹੀਂ ਕਿ ਇਕੱਲਾ ਵੈਂਡਰ ਜਾਮ ਆਪਣੇ ਆਪ ਕਰ ਰਿਹਾ ਹੈ। ਇਹ ਸਾਰੀ ਨੀਤੀ ਤੇ ਕਦਮ ਬੜੀ ਸੋਚ ਸਮਝ ਤੋਂ ਪਿਛੋਂ ਇਕ ਗਿਣੇ ਮਿਥੇ ਪਰੋਗਰਾਮ ਦੇ ਅਧੀਨ ਧਨੀਆਂ ਦੇ ਦਬਾਅ ਥੱਲੇ ਤੇ ਉਹਨਾਂ ਦੇ ਲਾਭਾਂ ਲਈ ਕੀਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਵੈਂਡਰ ਜ਼ਾਮ ਬਾਕਾਇਦਾ ਉਹਨਾਂ ਦੀ ਸਲਾਹ ਲੈ ਕੇ ਕਦਮ ਉਠਾ ਰਿਹਾ ਹੈ। ਇਸ ਦਾ ਮਾਰੂ ਅਸਰ ਗਰੀਬਾਂ ਉਪਰ ਹੋਵੇਗਾ। ਲੋਕਾਂ ਨੂੰ ਇਸ ਦੀ ਵਿਰੋਧਤਾ ਇਸ ਲਈ ਭੀ ਕਰਨੀ ਚਾਹੀਦੀ ਹੈ ਕਿ ਇਹ ਭਾਰੀ ਬਹੁ-ਗਿਣਤੀ ਲੋਕਾਂ ਦੇ ਹਿਤਾਂ ਲਈ ਹਾਨੀਕਾਰਕ ਹੈ ਅਤੇ ਨਾਲ ਹੀ ਕਿ ਲੋਕਾਂ ਦਾ ਜੀਵਨ ਮਾਰਕਿਟ ਵਿਚ ਵਿਕਾਊ ਨਾ ਹੋਵੇ। ਮਜ਼ਦੂਰ ਮਿਹਨਤ ਸ਼ਕਤੀ ਤਾਂ ਵੇਚਦਾ ਹੀ ਹੈ ਤਾਂ ਕਿ ਜਿਉਂਦਾ ਰਹਿ ਸਕੇ। ਪਰ ਹੁਣ ਤਾਂ ਇਹ ਸਰਕਾਰ ਉਸ ਦੇ ਸਰੀਰ ਨੂੰ ਭੀ ਪ੍ਰਾਈਵੇਟ ਹੱਥਾਂ ਵਿਚ ਵੇਚਣਾ ਚਾਹੁੰਦੀ ਹੈ।

ਜੇ ਪ੍ਰਾਈਵੇਟ ਵਿਅਕਤੀਆਂ ਜਾਂ ਕੰਪਨੀਆਂ ਨੂੰ ਸਰਕਾਰੀ ਅਦਾਰੇ ਖਰੀਦ ਕੇ ਮੁਨਾਫਾ ਨਹੀਂ ਕਮਾਉਣਾ ਤਾਂ ਉਹ ਕਿਉਂ ਖਰੀਦਣਗੇ। ਅਮੀਰ ਮੁਨਾਫੇ ਲਏ ਤੋਂ ਬਿਨਾਂ ਤਾਂ ਪੈਸਾ ਨਹੀਂ ਖਰਚਦਾ। ਸੋ ਇਹ ਜ਼ਰੂਰੀ ਹੈ ਕਿ ਉਹ ਪ੍ਰਾਈਵੇਟ ਕੀਤੀਆਂ ਸਮਾਜਕ ਸੇਵਾਵਾਂ ਤੋਂ ਅਥਾਹ ਮੁਨਾਫੇ ਕਮਾਏ। ਫਿਰ ਉਹ ਮੁਨਾਫਾ ਤਾਂ ਸੇਵਾਵਾਂ ਖਰੀਦਣ ਵਾਲਿਆਂ ਤੋਂ ਆਏਗਾ। ਇਸ ਨਾਲ ਗਰੀਬ ਤੇ ਹੋਰ ਸੱਟ। ਨਾਲ ਹੀ ਅਮੀਰ ਘੱਟ ਤੋਂ ਘੱਟ ਮਜ਼ਦੂਰ ਜਾਂ ਕਾਮੇ ਰਾਹੀਂ ਵੱਧ ਤੋਂ ਵੱਧ ਕੰਮ ਲਵੇਗਾ ਜਿਸ ਦੇ ਦੋ ਅਸਰ ਹੋਣਗੇ। ਇਕ ਤਾਂ ਇਹ ਕਿ ਕਾਮਿਆਂ ਦੀ ਛਾਂਟੀ ਅਤੇ ਬੇ-ਰੁਜ਼ਗਾਰੀ ਵਿਚ ਵਾਧਾ ਅਤੇ ਦੂਜੇ ਸੇਵਾਵਾਂ ਦੇਣ ਵਿਚ ਦੇਰੀ ਤੇ ਜ਼ਿਆਦਾ ਸਮਾਂ ਲੱਗੇਗਾ। ਜਿਸ ਨਾਲ ਕੁਆਲਿਟੀ ਘਟੇਗੀ। ਪ੍ਰਾਈਵੇਟ ਅਦਾਰੇ ਘੱਟ ਤੋਂ ਘੱਟ ਦੇ ਕੇ ਵੱਧ ਤੋਂ ਵੱਧ ਲਾਭ ਚਾਹੇਗਾ। ਸੋ ਲੋਕ ਸਮਾਜਕ ਸੇਵਾਵਾਂ ਲਈ ਭੀ ਪ੍ਰਾਈਵੇਟ ਅਦਾਰਿਆਂ ਦੇ ਰਹਿਮ ਤੇ ਹੋ ਜਾਣਗੇ।

ਸਰਕਾਰ ਇਹ ਭੀ ਆਖਦੀ ਹੈ ਕਿ ਕਈ ਵਲੰਟਰੀ ਅਜੰਸੀਆਂ ਭੀ ਕੰਮ ਕਰਦੀਆਂ ਤੇ ਸੇਵਾਵਾਂ ਦਿੰਦੀਆਂ ਹਨ। ਪਰ ਉਹ ਅਜੰਸੀਆਂ ਨਾ ਤਾਂ ਬੁਨਿਆਦੀ ਸੇਵਾਵਾਂ ਦਿੰਦੀਆਂ ਹਨ ਅਤੇ ਨਾ ਹੀ ਮਾਹਰ ਸੇਵਾਵਾਂ। ਤੀਜੇ ਉਹ ਭੀ ਤਦ ਹੀ ਹਨ ਕਿਉਂਕਿ ਸਰਕਾਰ ਆਪਣੇ ਫਰਜ਼ ਪੂਰੀ ਤਰ੍ਹਾਂ ਨਹੀਂ ਨਿਭਾ ਰਹੀ। ਜੇ ਸਰਕਾਰ ਪੂਰੇ ਫਰਜ਼ ਨਿਭਾਏ ਤੇ ਲੋਕ ਹਿਤੂ ਹੋਵੇ ਤਾਂ ਵਲੰਟਰੀ ਅਜੰਸੀਆਂ ਦੀ ਲੋੜ ਹੀ ਘੱਟ ਜਾਂਦੀ ਹੈ। ਜੇ ਸਰਕਾਰੀ ਅਦਾਰੇ ਤੇ ਸੇਵਾਵਾਂ ਪ੍ਰਾਈਵੇਟ ਕਰ ਦਿੱਤੀਆਂ ਜਾਣ ਤਾਂ ਫਿਰ ਵਲੰਟਰੀ ਅਜੰਸੀਆਂ ਦੀਆਂ ਗਰਾਂਟਾਂ ਤੇ ਅਸਰ ਪਵੇਗਾ। ਨਾਲ ਹੀ ਫਿਰ ਪ੍ਰਾਈਵੇਟ ਅਦਾਰੇ ਆਪਣੀਆਂ ਸੇਵਾਵਾਂ ਨੂੰ ਉਹਨਾਂ ਹਲਕਿਆਂ ਵਿਚ ਜ਼ਿਆਦਾ ਕੇਂਦਰਤ ਕਰਨਗੇ ਜਿਥੇ ਜ਼ਿਆਦਾ ਲਾਭ ਅਤੇ ਗਾਹਕ ਜ਼ਿਆਦਾ ਹੋਣ ਅਤੇ ਗਰੀਬ ਤੇ ਘੱਟ ਆਬਾਦੀ ਵਾਲੇ ਇਲਾਕਿਆਂ ਨੂੰ ਪ੍ਰਾਈਵੇਟ ਸੇਵਾਵਾਂ ਵਿਚ ਭੀ ਬਹੁਤ ਮੁਸ਼ਕਲ ਪੇਸ਼ ਆਵੇਗੀ।

ਪਬਲਿਕ ਸੈਕਟਰ ਨੂੰ ਪ੍ਰਾਈਵੇਟ ਹੱਥਾਂ ਵਿਚ ਦੇਣ ਨਾਲ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਭੀ ਅਸਰ ਪਵੇਗਾ ਕਿਉਂਕਿ ਪ੍ਰਾਈਵੇਟ ਮਾਲਕ ਨੇ ਘੱਟ ਤੋਂ ਘੱਟ ਮੁਲਾਜ਼ਮ ਰੱਖ ਕੇ ਅਤੇ ਘੱਟ ਤੋਂ ਘੱਟ ਤਨਖਾਹ ਦੇ ਕੇ ਵੱਧ ਤੋਂ ਵੱਧ ਕੰਮ ਲੈਣਾ ਹੈ। ਉਹ ਇਹ ਭੀ ਕੋਸ਼ਿਸ਼ ਕਰਨਗੇ ਕਿ ਯੂਨੀਅਨ ਨੂੰ ਕਮਜ਼ੋਰ ਅਤੇ ਖਤਮ ਕੀਤਾ ਜਾਵੇ। ਇਸ ਨਾਲ ਨਸਲੀ ਵਿਤਕਰਾ ਤੇ ਨਸਲੀ ਟਕਰਾਅ ਭੀ ਵੱਧ ਸਕਦਾ ਹੈ ਕਿਉਂਕਿ ਪ੍ਰਾਈਵੇਟ ਅਦਾਰੇ ਸੂਬਾਈ ਘੇਰੇ ਵਿਚ ਹਨ ਅਤੇ ਬੀ ਸੀ ਦਾ ਹਿਊਮਨ ਰਾਈਟਸ ਕਾਨੂੰਨ ਨਿਪੁੰਸਕ ਹੈ। ਨਾਲ ਕੰਮ ਲਈ ਬੇ-ਰੁਜ਼ਗਾਰਾਂ ਦੀ ਕੰਮ ਲਈ ਦੌੜ ਵਿਚ ਵਿਰੋਧ ਤੇ ਈਰਖਾ ਵੱਧ ਸਕਦੇ ਹਨ। ਪ੍ਰਾਈਵੇਟ ਮਾਲਕ ਭੀ ਚਾਹੇਗਾ ਕਿ ਜੇ ਮਜ਼ਦੂਰ ਵਿਚ ਏਕਤਾ ਘਟੇ ਤਾਂ ਕਿ ਉਹ ਇਸ ਦਾ ਲਾਭ ਉਠਾਏ। ਪਬਲਿਕ ਸੈਕਟਰ ਤੋਂ ਪ੍ਰਾਈਵੇਟ ਹੱਥਾਂ ਵਿਚ ਜਾਣ ਨਾਲ ਨਵੇਂ ਦਸਤਕਾਰੀ ਰੀਲੇਸ਼ਨਜ਼ ਰੀਫਾਰਮ ਐਕਟ (ਬਿਲ-19) ਅਧੀਨ ਯੂਨੀਅਨ ਨੂੰ ਕੋਈ ਗਰੰਟੀ ਨਹੀਂ। ਸਰਕਾਰ ਨੇ ਆਪ ਮੰਨਿਆ ਹੈ ਕਿ ਪ੍ਰਾਈਵੇਟ ਕਰਨ ਨਾਲ ਹਜ਼ਾਰਾਂ ਹੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਹੱਥ ਧੋਣੇ ਪੈਣਗੇ ਅਤੇ ਸਰਕਾਰ ਦੀ ਉਸ ਪ੍ਰਤੀ ਕੋਈ ਜ਼ਿਮੇਵਾਰੀ ਨਹੀਂ। ਇਸ ਪ੍ਰਾਈਵੇਟਕਰਣ ਨਾਲ ਸਗੋਂ ਸਰਕਾਰ ਦੀ ਲੋਕਾਂ ਸਾਹਮਣੇ ਜਵਾਬਦੇਹੀ ਭੀ ਖਤਮ ਹੋ ਜਾਂਦੀ ਹੈ ਅਤੇ ਨਾਲ ਹੀ ਜਮਹੂਰੀਅਤ ਤੇ ਭੀ ਹਮਲਾ ਹੈ। ਸਰਕਾਰ ਜਾਂ ਪਬਲਿਕ ਸੈਕਟਰ ਵਿਚ ਲੋਕ ਸਿੱਧਾ ਜਾਂ ਆਪਣੇ ਐਮ ਐਲ ਏ ਤੇ ਕੇਂਦਰ ਵਿਚ ਐਮ ਪੀ ਰਾਹੀਂ ਦਖਲ ਅੰਦਾਜ਼ੀ ਕਰ ਸਕਦੇ ਹਨ। ਪਰ ਪ੍ਰਾਈਵੇਟ ਕਰਨ ਨਾਲ ਇਹ ਜਮਹੂਰੀ ਹੱਕ ਭੀ ਖਤਮ ਹੋ ਜਾਂਦਾ ਹੈ। ਸੋ ਜਦੋਂ ਅਸੀਂ ਇਹ ਵੇਖਦੇ ਹਾਂ ਤਾਂ ਵੈਂਡਰਜ਼ਾਮ ਦਾ ਨਵਾਂ ਸ਼ੋਸ਼ਾ ਕਿ ਉਹ ਵਿਕੇਂਦਰੀਕਰਣ (ਡੀ-ਸੈਂਟਰੇਲਾਈਜ਼ੇਸ਼ਨ) ਕਰ ਰਿਹਾ ਹੈ (ਅੱਠ ਜ਼ੋਨ ਬਣਾ ਕੇ) ਬਹੁਤ ਖੋਖਲਾ ਹੈ (ਇਸ ਤੇ ਜੁਦਾ ਲੇਖ)। ਸੋ ਪ੍ਰਾਈਵੇਟਕਰਣ ਤਾਂ ਜਮਹੂਰੀ ਹੱਕ ਖੋਹ ਕੇ ਅਤੇ ਸਰਕਾਰੀ ਜ਼ਿਮੇਵਾਰੀ ਘਟਾ ਕੇ ਪ੍ਰਾਈਵੇਟ ਮੁਨਾਫੇਖੋਰਾਂ ਦੀ ਆਰਥਕ ਤਾਕਤ ਵਿਚ ਵਾਧਾ ਕਰਨ ਵਲ ਕਦਮ ਹੈ।

ਇਹ ਮਾਰੂ ਤੇ ਲੋਕ ਵਿਰੋਧੀ ਕਦਮ ਪਬਲਿਕ ਸੈਕਟਰ ਜਾਂ ਇਉਂ ਆਖੋ ਕਿ ਸਰਕਾਰੀ ਕਾਰਪੋਰੇਸ਼ਨਾਂ ਤੇ ਅਦਾਰਿਆਂ ਨੂੰ (ਜਿਵੇਂ ਬੀ ਸੀ ਹਾਈਡਰੋ, ਗੈਸ, ਹਾਊਜ਼ਿੰਗ, ਸੂਬਾਈ ਕਚਹਿਰੀਆਂ, ਹਸਪਤਾਲ ਆਦਿ) ਵੇਚ ਕੇ ਜਾਂ ਕਨਟਰੈਕਟ ਆਊਟ ਕਰਕੇ (ਬਾਹਰ ਪ੍ਰਾਈਵੇਟ ਨੂੰ ਠੇਕੇ ਦੇ ਕੇ) ਚੁੱਕਿਆ ਜਾ ਰਿਹੈ ਜਿਹਨਾਂ ਦੇ ਬੜੇ ਖਤਰਨਾਕ ਅਸਰ ਹੋਣਗੇ। ਇਉਂ ਜਾਪਦਾ ਹੈ ਕਿ ਲੋਕਾਂ ਨੇ ਇਸ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਅਤੇ ਸੰਜੀਦਗੀ ਨਾਲ ਨਹੀਂ ਲਿਆ। ਟਰੇਡ ਯੂਨੀਅਨ ਨੇ ਇਸ ਦਾ ਨੋਟਿਸ ਲਿਆ ਹੈ ਤੇ ਕੁਝ ਮੀਟਿੰਗਾਂ ਕੀਤੀਆਂ ਹਨ ਪਰ ਉਹ ਭੀ ਅਜੇ ਲੋਕਾਂ ਵਿਚ ਇਸ ਵਾਰੇ ਤੇ ਇਸ ਦੇ ਭਿਆਨਕ ਸਿੱਟਿਆਂ ਵਾਰੇ ਚੇਤਨਤਾ ਤੇ ਜਾਗਰਤ ਪੈਦਾ ਨਹੀਂ ਕਰ ਸਕੀ। ਪਬਲਿਕ ਸੈਕਟਰ ਉਪਰ ਇਹਨਾਂ ਮਾਰੂ ਹਮਲਿਆਂ ਨੂੰ ਪਛਾੜਿਆ ਜਾ ਸਕਦਾ ਹੈ ਪਰ ਜੇਕਰ ਲੋਕਾਂ ਨੂੰ ਜਾਗਰਤ ਕਰਕੇ ਤੇ ਹਿਰਦਿਆਂ ਨੂੰ ਟੁੰਭ ਕੇ, ਯੂਨੀਅਨ ਤੇ ਆਮ ਲੋਕਾਂ ਦੇ ਮੇਲ ਨਾਲ ਇਕ ਲਹਿਰ ਉਸਾਰੀ ਜਾਏ। ਪਰ ਆਮ ਲੋਕਾਂ ਨੂੰ ਆਪਣੇ ਥਾਂ ਤੇ ਇਸ ਵਿਰੁਧ ਆਵਾਜ਼ ਉਠਾਉਣੀ ਜ਼ਰੂਰੀ ਹੈ। ਤੁਪਕੇ ਤੁਪਕੇ ਦੇ ਇਕੱਠ ਨਾਲ ਹੀ ਤਲਾ ਭਰਦੇ, ਦਰਿਆ ਵਹਿੰਦੇ ਤੇ ਸਮੁੰਦਰ ਬਣਦੇ ਹਨ।

## ਪ੍ਰਸਿੱਧ ਪਹਿਲਵਾਨ ਅਵਤਾਰ ਦੇ ਘਰ ਪੁੱਤਰ ਦੀ ਆਮਦ



ਪਿਛਲੇ ਮਹੀਨੇ, ਅਵਤਾਰ ਬਿਲਨ, ਜੋ ਵੈਨਕੂਵਰ ਵਿਚ ਰਹਿੰਦੇ ਹਨ, ਦੇ ਘਰ ਪੁੱਤਰ ਨੇ ਜਨਮ ਲਿਆ। ਆਪ ਇਕ ਨਾਮੀ ਪਹਿਲਵਾਨ ਹਨ ਤੇ ਵੈਨਕੂਵਰ ਆ ਕੇ ਵੀ ਕਈ ਘੋਲ ਲੜੇ ਤੇ ਇਨਾਮ ਵੀ ਜਿੱਤੇ ਹਨ ਅਵਤਾਰ ਬਿਲਨ ਅਮਰੀਕਨ ਪੰਜਾਬੀ ਕਵੀ ਜਸਪਾਲ ਸੂਸ ਦੇ ਮਾਮਾ ਜੀ ਹਨ ਤੇ ਰੁਸਤਮ-ਏ-ਹਿੰਦ ਪਹਿਲਵਾਨ ਸਨੀ ਗਿੱਲ ਦੇ ਚਾਚਾ ਜੀ ਹਨ। ਕੈਨੇਡਾ ਦਰਪਣ ਬਿਲਨ ਪ੍ਰਵਾਰ ਨੂੰ ਖੁਸ਼ੀ ਦੇ ਇਸ ਮੌਕੇ ਦੀ ਸ਼ੁਭ ਕਾਮਨਾ ਕਰਦਾ ਹੈ ਕਿ ਕਾਕਾ ਸ਼ਮਸ਼ੇਰ ਸਿੰਘ ਆਪਣੇ ਪ੍ਰਵਾਰ ਤੇ ਰਿਸ਼ਤੇਦਾਰਾਂ ਵਾਂਗ ਕਿਸੇ ਨਾ ਕਿਸੇ ਖੇਤਰ ਵਿਚ ਚੰਗਾ ਨਾਮਣਾ ਖੱਟੇ।


**Thinking of Buying or Selling**

New Houses, Lots, Building Contracts

**Specializing :**

**Resale New Housing Lot Sales and Farms**



Don't delay call now :

**Hardeep S. Bhangav**

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

HOMELIFE BENCHMARK REALTY CORPORATION

**Ph. Off: 594-4141**

**Pager 438-2333 #1596**

**Bench Mark Realty Corp.**

10 - 6830 King George HWY. Surrey



*For any kind of PRINTING or ADVERTISING Jobs*

***Cost Cutter Advertisers***

**Phone 588 - 28 28**

- ☐ Business Cards
- ☐ Flyers
- ☐ Invitation Cards
- ☐ Coupons
- ☐ Wedding Cards
- ☐ Office Stationery

CALENDERS

Special 10% OFF our reg. price COUPON Canada Darpan

FREE Pick up & Delivery minimum order $50.00

*500 Bussiness Cards ......$21.99*

*5,000 Flyers (8½x11) ...... $89.99*

***SPECIAL LOW RATES***

**for big volume printing orders for**

- ☐ Pizza
- ☐ Restaurant
- ☐ Auto Dealers
- ☐ Body Shop
- ☐ Real Estate Agent
- ☐ Travel Agent
- ☐ Flyers etc.

FLYERS

* ask for details

# ਹਰ ਪਾਸੇ ਹਿੰਸਾ ਕਿਉਂ ਫੈਲ ਰਹੀ ਹੈ ?

—ਚੈਨ ਸਿੰਘ ਚੈਨ—

ਪੰਜਾਬ ਦੇ ਸਵਾਲ ਉਤੇ ਕੇਂਦਰ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਸਿਆਸੀ ਪੱਖ ਤੋਂ ਤਾਂ ਉਸ ਦਾ ਦੀਵਾਲੀਆਪਨ ਐਨ ਸਭ ਦੇ ਸਾਹਮਣੇ ਹੈ, ਇਸ ਪਾਸੇ ਤਾਂ ਸਿਵਾਏ ਵਿਗਾੜ ਵਧਾਉਣ ਦੇ ਉਸ ਨੇ ਕੁਝ ਕੀਤਾ ਹੀ ਨਹੀਂ, ਦਹਿਸ਼ਤਗਰਦੀ ਨਾਲ ਸੁਰੱਖਿਆ ਬਲਾਂ ਰਾਹੀਂ ਲੜਨ ਦੀ ਦਾਅਵੇਦਾਰੀ ਉਹ ਜ਼ਰੂਰ ਕਰ ਸਕਦੀ ਹੈ। ਦਰਬਾਰਾ ਸਿੰਘ ਦੀ ਸਰਕਾਰ ਤੋੜ ਕੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਕਿ ਕੇਂਦਰ ਸਿਧਾ ਦਹਿਸ਼ਤਗਰਦੀ ਨਾਲ ਪੂਰੀ ਤਰ੍ਹਾਂ ਟੱਕਰ ਸਕਦਾ ਹੈ, ਸੂਬੇ ਦੀ ਪਾਪੂਲਰ ਸਰਕਾਰ ਅੜਿਕਾ ਹੀ ਹੈ। ਪਰ ਫੇਰ ਅਕਾਲੀਆਂ ਨੂੰ ਇਸ ਲੜਾਈ ਵਿਚ ਮੋਹਰੇ ਕਰਨ ਲਈ ਪੰਜਾਬ ਸਮਝੌਤਾ ਕੀਤਾ, ਅਕਾਲੀ ਸਰਕਾਰ ਕੁਝ ਬਣੀ ਕੁਝ ਬਣਾਈ ਪਰ ਫੇਰ ਓਹੀ ਪੁਰਾਣਾ ਰਾਹ ਫੜ ਲਿਆ ਕਿ ਕੇਂਦਰ ਹੀ ਸਿਧਾ ਦਹਿਸ਼ਤਗਰਦੀ ਨੂੰ ਕੁਚਲ ਸਕਦਾ ਹੈ। ਬੰਗਾਲ ਦੀ ਨਕਸਲਬਾੜੀ ਲਹਿਰ ਨਾਲ ਸਿਝਣ ਵਾਲੇ ਸ੍ਰੀ ਰੇਅ ਅਤੇ ਭਾਰਤ ਦੇ ਵਧੀਆ ਅਜ਼ਮਾਏ ਹੋਏ ਪੁਲਸ ਅਫਸਰ ਸ੍ਰੀ ਰੀਬੇਰੋ ਨੂੰ ਪੂਰੇ ਅਧਿਕਾਰ ਦੇ ਕੇ ਇਸ ਕਾਰਜ ਲਈ ਨਿਯੁਕਤ ਕਰ ਦਿੱਤਾ। ਦੋਵਾਂ ਪੂਰੀ ਵਾਹ ਲਾਈ ਹੈ ਅਤੇ ਪਿਛਲੇ ਸੱਤ ਅੱਠ ਮਹੀਨਿਆਂ ਅੰਦਰ ਕਾਫੀ ਦਹਿਸ਼ਤਗਰਦ ਮਾਰੇ ਤੇ ਫੜੇ ਹਨ, ਅਡਿਆਂ ਦੀਆਂ ਸੂਹਾਂ ਕੱਢੀਆਂ ਅਤੇ ਗੋਲੀ ਸਿੱਕਾ ਵੀ ਫੜਿਆ ਹੈ। ਕਈ ਅਫਸਰਾਂ ਤੇ ਹਾਕਮ ਪਾਰਟੀ ਦੇ ਆਗੂਆਂ ਵਲੋਂ ਐਸੇ ਐਲਾਨ ਵੀ ਆਉਣ ਲਗ ਪਏ ਕਿ ਛੇਤੀ ਹੀ ਦਹਿਸ਼ਤਗਰਦੀ ਉਤੇ ਕਾਬੂ ਪਾ ਲਿਆ ਜਾਏਗਾ। ਪੰਜਾਬ ਕਾਂਗਰਸ ਤਾਂ ਇਸ ਆਸ ਵਿਚ ਪੰਜਾਬ ਅੰਦਰ ਅਸੰਬਲੀ ਚੋਣਾਂ ਲਈ ਤਿਆਰੀਆਂ ਵੀ ਕਰਨ ਲਗ ਪਈ। ਕਈ ਹੋਰ ਕਹਿੰਦੇ ਕਹਾਉਂਦੇ ਵੀ ਖੁਸ਼ਫਹਿਮੀ ਦਾ ਸ਼ਿਕਾਰ ਹੋਣ ਲਗ ਪਏ ਸਨ।

ਪਰ ਨਵੇਂ ਸਾਲ ਦੇ ਪਹਿਲੇ ਹਫਤੇ ਨੇ ਹੀ ਸਾਫ ਕਰ ਦਿੱਤਾ ਹੈ ਕਿ ਐਸੀ ਖੁਸ਼ਫਹਿਮੀ ਲਈ ਕੋਈ ਗੁੰਜਾਇਸ਼ ਨਹੀਂ ਹੈ। ਇਕ ਹਫਤੇ ਅੰਦਰ ਦਹਿਸ਼ਤਗਰਦਾਂ ਹੱਥੋਂ 46 ਕਤਲ ਹੋਏ ਹਨ ਜਿਹਨਾਂ ਵਿਚ ਸ੍ਰੀ ਜਗਤ ਰਾਮ ਜਿਹਾ ਵੱਡਾ ਕਾਂਗਰਸੀ ਆਗੂ ਤੇ ਦੋ ਸੀ ਆਰ ਪੀ ਦੇ ਸਿਪਾਹੀ ਸ਼ਾਮਲ ਹਨ। ਇਹਨਾਂ ਵਿਚੋਂ 35 ਸਿੱਖ ਅਤੇ 11 ਹਿੰਦੂ ਹਨ। ਜ਼ਖਮੀ ਹੋਣ ਵਾਲੇ ਵੀ ਸੱਤ ਸਿੱਖ ਤੇ ਤਿੰਨ ਹਿੰਦੂ ਹਨ। 33 ਜ਼ਿਲਾ ਅੰਮ੍ਰਿਤਸਰ, 5 ਫਿਰੋਜ਼ਪੁਰ ਜ਼ਿਲਾ, ਦੋ ਦੋ ਜ਼ਿਲਾ ਹੁਸ਼ਿਆਰਪੁਰ, ਗੁਰਦਾਸਪੁਰ ਤੇ ਕਪੂਰਥਲਾ ਵਿਚ ਅਤੇ ਇਕ ਜ਼ਿਲਾ ਪਟਿਆਲਾ ਤੇ ਇਕ ਅੰਬਾਲਾ ਸ਼ਹਿਰ ਵਿਚ ਮਾਰੇ ਗਏ ਹਨ। 4 ਲੱਖ 80 ਹਜ਼ਾਰ ਰੁਪਿਆ ਲੁਟਿਆ ਗਿਆ ਹੈ ਅਤੇ 7 ਸਕੂਟਰ ਜਾਂ ਮੋਟਰ ਸਾਈਕਲ ਖੋਹੇ ਗਏ ਹਨ।

1986 ਵਿਚ ਦਹਿਸ਼ਤਗਰਦਾਂ ਹੱਥੋਂ 520 ਬੰਦੇ ਮਾਰੇ ਗਏ ਸਨ ਅਤੇ 1987 ਅੰਦਰ 1216 ਅਰਥਾਤ ਤਿੰਨ ਪ੍ਰਤੀ ਦਿਨ। ਪਰ ਨਵੇਂ ਸਾਲ ਦੇ ਪਹਿਲੇ ਹਫਤੇ ਦੀ ਔਸਤ ਛੇ ਹੈ।

ਸ੍ਰੀ ਰੀਬੇਰੋ ਨੇ 7 ਜਨਵਰੀ ਨੂੰ ਪ੍ਰੈਸ ਰੀਲੇਸ਼ਨਜ਼ ਕਮੇਟੀ ਦੀ ਮੀਟਿੰਗ ਵਿਚ ਆਖਿਆ ਹੈ ਕਿ ਅਤਿਵਾਦੀਆਂ ਵਿਰੁਧ ਲੜਾਈ ਬਹੁਤ ਲੰਬੀ ਹੈ। "ਬਹੁਤ" ਦਾ ਸ਼ਬਦ ਅਗੇ ਸ਼ਾਇਦ ਹੀ ਵਰਤਿਆ ਗਿਆ ਹੋਵੇ।

* * * *

ਐਸਾ ਕਿਉਂ ਹੈ ? ਇਸ ਦਾ ਕੁਝ ਜਵਾਬ ਤਾਂ ਪੁਲਸ ਅਧਿਕਾਰੀਆਂ ਦੇ ਬਿਆਨਾਂ ਵਿਚੋਂ ਹੀ ਮਿਲ ਜਾਂਦਾ ਹੈ। 22 ਦਸੰਬਰ ਨੂੰ ਤਿਬੜ ਵਿਖੇ "ਲੋਕ ਸ਼ਕਤੀ" ਸਮਾਗਮ ਵਿਚ ਬੋਲਦਿਆਂ ਸ੍ਰੀ ਰੀਬੇਰੋ ਨੇ ਦੱਸਿਆ ਕਿ "ਪਾਕਿਸਤਾਨ ਅੰਦਰ ਹੁਣ ਵੀ ਦਹਿਸ਼ਤਗਰਦਾਂ ਲਈ ਟਰੇਨਿੰਗ ਕੈਂਪ ਹਨ ਜਿਥੋਂ ਉਹ ਸਿਖਿਆ ਲੈ ਕੇ ਭਾਰਤ ਅੰਦਰ ਆਈ ਜਾ ਰਹੇ ਹਨ।" ਦੂਜੀ ਗੱਲ ਉਹਨਾਂ ਇਹ ਕਹੀ ਕਿ "ਜਿਹੜੇ ਬੰਦੇ ਪਨਾਹ ਦੇਣ ਦੇ ਦੋਸ਼ ਵਿਚ ਫੜੇ ਹਨ, ਅਗੇ ਤੋਂ ਉਹਨਾਂ ਦੇ ਕੇਸ ਸੰਬੰਧਤ ਐਸ. ਐਸ. ਪੀ. ਰੀਵੀਊ ਕਰਨਗੇ", ਮਿਤੀ 24 ਦਸੰਬਰ ਨੂੰ ਆਖਿਆ ਕਿ "ਪੰਜਾਬ ਸਰਕਾਰ ਅਜਿਹੇ ਕਦਮ ਉਠਾ ਰਹੀ ਹੈ ਜਿਸ ਨਾਲ ਇਹ ਗੱਲ ਯਕੀਨੀ ਹੋ ਜਾਏ ਕਿ ਕੋਈ ਬੇਗੁਨਾਹ ਬੰਦਾ ਮਾਰਿਆ ਜਾਂ ਫੜਿਆ ਨਾ ਜਾਏ...ਪਨਾਹ ਦੇਣ ਵਾਲਿਆਂ ਤੇ ਹਮਦਰਦਾਂ ਦੀ ਸੂਚੀ ਨੂੰ ਸੋਧਿਆ ਜਾ ਰਿਹਾ ਹੈ ਤਾਂ ਜੋ ਡਰ ਦੇ ਮਾਰੇ ਰੋਟੀ ਪਾਣੀ ਦੇਣ ਵਾਲਿਆਂ ਨੂੰ ਤੰਗ ਨਾ ਕੀਤਾ ਜਾਵੇ।" ਸ੍ਰੀ ਰੀਬੇਰੋ ਦੇ ਇਹ ਸਾਰੇ ਸ਼ਬਦ ਦੱਸਦੇ ਹਨ ਕਿ ਹੁਣ ਤੱਕ ਲੋਕਾਂ ਨਾਲ ਨਜਾਇਜ਼ ਸਲੂਕ ਜਾਂ ਧੱਕਾ ਵੀ ਹੁੰਦਾ ਰਿਹਾ ਹੈ।

15 ਦਸੰਬਰ ਨੂੰ ਇਕ ਪ੍ਰੈਸ ਕਾਨਫਰੰਸ ਵਿਖੇ ਅੰਮ੍ਰਿਤਸਰ ਦੇ ਐਸ ਐਸ ਪੀ ਸ੍ਰੀ ਇਜਹਾਰ ਆਲਮ ਨੇ ਕਿਹਾ ਕਿ "ਇਸ ਵਿਚ ਕੋਈ ਸ਼ੱਕ ਨਹੀਂ ਕਿ ਦਹਿਸ਼ਤਗਰਦਾਂ ਦਾ ਸੂਹੀਆ ਵਿਭਾਗ ਬਹੁਤ ਅਸਰਦਾਰ ਹੈ।" ਫਿਕਰਾ ਤਾਂ ਛੋਟਾ ਜਿਹਾ ਹੈ ਪਰ ਅਰਥ ਭਰਪੂਰ ਹੈ। ਇਹ ਦੋ ਗੱਲਾਂ ਦਾ ਇਕਬਾਲ ਹੈ — ਇਕ ਇਹ ਕਿ ਦਹਿਸ਼ਤਗਰਦਾਂ ਨੂੰ ਮਿਲਵਰਤਨ ਮਿਲ ਰਹੀ ਹੈ, ਦੂਜੇ ਇਹ ਕਿ ਸਰਕਾਰ ਦਾ ਸੂਹੀਆ ਵਿਭਾਗ ਉਤਨਾ ਚੁਸਤ ਨਹੀਂ ਹੈ।

ਥੋੜ੍ਹੇ ਦਿਨਾਂ ਦੀ ਖਬਰ ਹੈ ਕਿ ਟਾਂਡਾ ਜਾਜਾ ਰੋਡ (ਜ਼ਿਲਾ ਹੁਸ਼ਿਆਰਪੁਰ) ਉਤੇ ਤਿੰਨ ਆਦਮੀਆਂ ਨੇ ਇਕ ਦੁਕਾਨਦਾਰ ਕਮਲਜੀਤ ਸਿੰਘ ਨੂੰ ਘੇਰ ਲਿਆ। ਲੁਟੇਰਿਆਂ ਨੇ ਉਸ ਤੋਂ ਸਾਈਕਲ ਤੇ ਦੋ ਹਜ਼ਾਰ ਰੁਪਏ ਤਾਂ ਖੋਹ ਲਏ ਪਰ ਫਸ ਫਸਾਈ ਵਿਚ ਮੂੰਹ ਢਕੇ ਲੁਟੇਰਿਆਂ ਵਿਚੋਂ ਇਕ ਦਾ ਕੱਪੜਾ ਮੂੰਹ ਤੋਂ ਲਹਿ ਗਿਆ ਤਾਂ ਉਸ ਨੇ ਪਛਾਣ ਲਿਆ ਕਿ ਉਹ ਹੋਮ ਗਾਰਡ ਦਾ ਇਕ ਆਦਮੀ ਸੀ।

ਇਸ ਤੋਂ ਬਿਨਾਂ 6 ਜਨਵਰੀ ਨੂੰ ਇਕ ਨਵੀਂ ਖਬਰ ਫੋਟੋ ਸਮੇਤ ਲੱਗੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਬਾਗੀ ਨਾਗਾ ਲੀਡਰ ਅੰਗਾਮੀ ਤੇ ਖਾਲਿਸਤਾਨੀ ਲੀਡਰ ਜਗਜੀਤ ਸਿੰਘ ਚੌਹਾਨ ਦਾ ਆਪੋ ਵਿਚ ਰਾਬਤਾ ਹੈ ਅਤੇ ਇੰਗਲੈਂਡ ਤੇ ਪਾਕਿਸਤਾਨ ਦਾ ਇਸ ਵਿਚ ਖਾਸ ਰੋਲ ਹੈ।

ਨਾਲ ਲਗਦੀਆਂ ਦੋ ਗੱਲਾਂ ਕਾਂਗਰਸ (ਇ) ਦੇ ਇਕ ਜਨਰਲ ਸਕੱਤਰ ਸ੍ਰੀ ਗੁਲਾਮ ਨਬੀ ਆਜ਼ਾਦ ਦੀ ਪ੍ਰੈਸ ਕਾਨਫਰੰਸ ਦੀਆਂ ਦੋ ਗੱਲਾਂ ਵੀ। ਉਹਨਾਂ ਆਖਿਆ ਕਿ ਜਦ ਤਕ ਹਤਿਆਵਾਂ ਬੰਦ ਨਹੀਂ ਹੁੰਦੀਆਂ ਤੇ ਦਹਿਸ਼ਤਗਰਦੀ ਕੁਚਲੀ ਨਹੀਂ ਜਾਂਦੀ ਪੰਜਾਬ ਅੰਦਰ ਪਾਪੂਲਰ ਸਰਕਾਰ ਨਹੀਂ ਬਣ ਸਕਦੀ। ਚੋਣਾਂ ਤੋਂ ਬਿਨਾਂ ਹੀ ਆਪਣਾ ਰਾਜ ਕਰੀ ਜਾਣ ਲਈ ਇਹ ਵਧੀਆ ਫਾਰਮੂਲਾ ਹੈ। ਇਸ ਨਾਲ ਪਹਿਲਾਂ ਵਿਰੋਧੀਆਂ ਦੀਆਂ ਸਰਕਾਰਾਂ ਤੋੜੀਆਂ ਜਾ ਸਕਦੀਆਂ ਹਨ ਤੇ ਫੇਰ ਜਿਤਨਾ ਚਿਰ ਜੀ ਕਰੇ ਲੱਤਾਂ ਪਸਾਰ ਕੇ ਬੈਠਿਆ ਜਾ ਸਕਦਾ ਹੈ।

ਸ੍ਰੀ ਆਜ਼ਾਦ ਨੇ ਅਕਾਲੀ ਦਲ ਉਤੇ ਦੋਸ਼ ਲਾਇਆ ਕਿ ਉਹ ਦਹਿਸ਼ਤਗਰਦੀ ਨੂੰ ਉਤਸਾਹਿਤ ਕਰ ਰਹੇ ਹਨ। ਪਰ ਕਿਸੇ ਨੇ ਪੁਛ ਲਿਆ ਕਿ ਕੀ ਦਲ ਖਾਲਸਾ ਸੂਬਾ ਕਾਂਗਰਸ ਕਮੇਟੀ ਦੇ ਚੰਡੀਗੜ੍ਹ ਦਫਤਰ ਵਿਚ ਨਹੀਂ ਸੀ ਬਣਿਆ ਤਾਂ ਉਹ ਫਿਰ ਨਹੀਂ ਬੋਲੇ।

ਗੁਰਦਾਸਪੁਰ ਜ਼ਿਲੇ ਦੇ ਦੋ ਵੱਡੇ ਕਾਂਗਰਸੀ ਆਗੂਆਂ ਸ੍ਰੀ ਸੰਤੋਖ ਸਿੰਘ ਰੰਧਾਵਾ ਤੇ ਸਤਨਾਮ ਸਿੰਘ ਬਾਜਵਾ ਦੇ ਆਪਸੀ ਧੜੇਬੰਦਕ ਲੜਾਈ ਲਈ ਦਹਿਸ਼ਤਗਰਦ ਟੋਲਿਆਂ ਨਾਲ ਸੰਪਰਕ ਰੱਖਣ ਦੀ ਗੱਲ ਦਾ ਸਭ ਨੂੰ ਪਤਾ ਹੈ। ਹੁਣ ਫਿਰੋਜ਼ਪੁਰ ਦੇ ਕਾਂਗਰਸੀ ਐਮ. ਐਲ. ਏ. ਦੇ ਸਪੁਤਰ ਦੀ ਕਾਰ ਵਿਚ ਪਾਕਿਸਤਾਨ ਤੋਂ ਦਹਿਸ਼ਤਗਰਦਾਂ ਲਈ ਆਏ ਹਥਿਆਰ ਢੋਣ ਦੀ ਗੱਲ ਖੂਬ ਅਖਬਾਰਾਂ ਵਿਚ ਗਰਮ ਹੈ ਤੇ ਸਾਹਿਬਜ਼ਾਦਾ ਹੁਣ ਰੂਪੋਸ਼ ਹੋਈ ਭੱਜਾ ਫਿਰਦਾ ਹੈ। ⟶


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ


Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**

**Off. 594-6141**

**Res. 594-7595** **Pager 680-0214**



AMARJIT SINGH CHAHAL

# PAUL'S RADIATOR SHOP

**COOLING SYSTEM SPECIALIS SPECIALIST**

ਸਾਨੂੰ ਮੁਹਾਰਤ ਹਾਸਲ ਹੈ:

- ਰੀਪੇਅਰ
- ਵਾਟਰ ਪੰਪਸ
- ਕਲੀਨਿੰਗ
- ਹੀਟਰਜ਼
- ਰੀਕੋਰਿੰਗ
- ਗੈਸ ਟੈਂਕਸ
- ਕਾਰਾਂ
- ਟਰੱਕ
- ਇੰਡਸਟਰੀਅਲ

(ਇਕ ਸਾਲ ਦੀ ਕੰਡੀਸ਼ਨਲ ਗਰੰਟੀ)

ਅਸੀਂ ਸ਼ਨਿਚਰਵਾਰ ਵੀ ਖੁਲ੍ਹੇ ਹੁੰਦੇ ਹਾਂ.

#4 — 12191 Bridgeport Rd. (near #5 Rd)
RICHMOND, B.C. V6V 1J4

**ਐਸ਼ ਖੋਸਲਾ**

**ਫੋਨ : 270-3135**

# ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ਼੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖ਼ਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

**Off. 324-6727**

**Res. 324-4160**

**#201 - 2001 East 36th Ave. [at victoria]**
**Vancouver, B.C. V5P 1C9**



ਜਗਦੀਸ਼ ਸਿੰਘ B.A.LL.B. (Pb.U.).
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

# GLOBAL IMMIGRATION SERVICES



**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

**PH. (604) 270-2100**

WE ARE PROVIDING ALL IMMIGRATION SERVICES

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਂਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੈਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

→

* * * *

ਗੱਲ ਕੱਲੀ ਪੰਜਾਬ ਅੰਦਰ ਦੀ ਦਹਿਸ਼ਤਗਰਦੀ ਦੀ ਨਹੀਂ, ਸਾਰੇ ਭਾਰਤ ਅੰਦਰ ਹੀ ਵਾਤਾਵਰਨ ਦਿਨੋ ਦਿਨ ਹਿੰਸਕ ਬਣਦਾ ਜਾ ਰਿਹਾ ਹੈ। ਇਹ ਸਾਡੇ ਦੇਸ਼ ਦੇ ਆਰਥਕ ਤੇ ਰਾਜਸੀ ਪ੍ਰਬੰਧ ਦੇ ਕੋੜ੍ਹ ਦਾ ਬਿੰਬ ਹੈ।

ਕੇਂਦਰ ਸਰਕਾਰ ਦੇ ਗ੍ਰਹਿ ਰਾਜ ਮੰਤਰੀ ਸ੍ਰੀ ਚਿੰਦਸਬਰਮ ਨੇ 8 ਦਸੰਬਰ ਨੂੰ ਰਾਜ ਸਭਾ ਵਿਚ ਦੱਸਿਆ ਕਿ 1 ਜਨਵਰੀ, 1985 ਤੋਂ 31 ਜੁਲਾਈ, 1987 ਤੱਕ ਦੇ ਅਰਸੇ ਵਿਚ ਦੇਸ਼ ਅੰਦਰ ਨਾਜਾਇਜ਼ ਹਥਿਆਰ ਬਣਾਉਣ ਦੀਆਂ 776 ਫੈਕਟਰੀਆਂ ਫੜੀਆਂ ਗਈਆਂ ਹਨ। ਇਹਨਾਂ ਵਿਚੋਂ ਸਭ ਤੋਂ ਵਧੇਰੇ ਅਰਥਾਤ 613 ਕੱਲੇ ਉਤਰ ਪ੍ਰਦੇਸ਼ ਵਿਚ ਹੀ ਸਨ। ਬਿਹਾਰ ਵਿਚ 57, ਮੱਧ ਪ੍ਰਦੇਸ਼ ਵਿਚ 52 ਅਤੇ 11 ਸੂਬਿਆਂ ਵਿਚ ਕੁਲ 541 ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਹਿੰਦੀ ਬੋਲੀ ਦੇ ਲੰਮੇ ਚੌੜੇ ਖੇਤਰ ਅੰਦਰ ਇਹ ਧੰਦਾ ਜ਼ੋਰਾਂ 'ਤੇ ਹੈ।

ਤ੍ਰਿਪੁਰਾ ਅੰਦਰ ਸਥਾਨਕ ਕਾਂਗਰਸ ਅਤੇ ਉਸਦੀ ਸਹਿਯੋਗੀ ਤ੍ਰਿਪੁਰਾ ਉਪਜਾਤੀ ਯੁਵਾ ਸਮਿਤੀ ਦਹਿਸ਼ਤਗਰਦੀ ਨੂੰ ਹਵਾ ਦੇ ਰਹੀ ਹੈ। ਵੱਡਾ ਮਕਸਦ ਤਾਂ ਇਹ ਹੈ ਕਿ ਏਥੇ ਦੀ ਖੱਬੀ ਸਰਕਾਰ ਨੂੰ ਹਰ ਵੇਲੇ ਔਖਾ ਕੀਤਾ ਜਾਏ ਅਤੇ ਜੇ ਦਾਅ ਭਰ ਜਾਏ ਤਾਂ ਅਮਨ ਕਾਨੂੰਨ ਦਾ ਸਵਾਲ ਬਣਾ ਕੇ ਖੱਬੀ ਸਰਕਾਰ ਨੂੰ ਭੰਗ ਕਰ ਦਿੱਤਾ ਜਾਏ। ਇਸ ਖੱਬੀ ਸਰਕਾਰ ਦੇ ਪੰਜ ਸਾਲ ਪੂਰੇ ਹੋ ਚਲੇ ਹਨ ਅਤੇ ਚੋਣ ਕਮਿਸ਼ਨ ਨੇ 2 ਫਰਵਰੀ ਨੂੰ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੈ। ਹੁਣ ਕਾਂਗਰਸ ਤੇ ਉਸ ਦੀ ਜੋਟੀਦਾਰ ਤ੍ਰੀ. ਉ. ਯੁ. ਸੰਮਤੀ ਦਾ ਜ਼ੋਰ ਲੱਗਾ ਹੋਇਆ ਹੈ ਕਿ ਚੋਣਾਂ ਨਾ ਹੋਣ ਦਿੱਤੀਆਂ ਜਾਣ। ਇਸ ਕਰਕੇ ਉਹ ਟੀ. ਐਨ. ਵੀ. ਦਹਿਸ਼ਤਗਰਦਾਂ ਨੂੰ ਥਾਪੀ ਦੇ ਰਹੀਆਂ ਹਨ।

ਚੜ੍ਹਦੇ ਸਾਲ ਦੇ ਪਹਿਲੇ ਸਾਤੇ ਅੰਦਰ ਟੀ. ਐਨ. ਵੀ. ਨੇ 15 ਬੰਦਿਆਂ ਨੂੰ ਕਤਲ ਕਰ ਦਿੱਤਾ ਹੈ। ਵਸੋਂ ਦੇ ਲਿਹਾਜ ਨਾਲ ਇਹ ਪੰਜਾਬ ਤੋਂ ਦੁਗਣੀ ਰਫਤਾਰ ਹੈ। ਪੰਜਾਬ ਵਾਂਗ ਏਥੇ ਵੀ ਪਰਿਵਾਰ ਦੇ ਪਰਿਵਾਰ ਔਰਤਾਂ ਤੇ ਬੱਚਿਆਂ ਸਮੇਤ ਮਾਰ ਦਿੱਤੇ ਜਾਂਦੇ ਹਨ।

ਪੱਛਮੀ ਬੰਗਾਲ ਅੰਦਰ ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਨੂੰ ਸਥਾਨਕ ਕਾਂਗਰਸ ਤੇ ਕੇਂਦਰ ਸਰਕਾਰ ਨੇ ਚਮਲਾਇਆ ਹੋਇਆ ਹੈ ਤਾਂ ਕਿ ਇਹ ਉਥੇ ਦੀ ਖੱਬੀ ਸਰਕਾਰ ਲਈ ਇਕ ਨਾਸੂਰ ਬਣ ਜਾਏ। ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੇ ਬੰਦੇ ਆਪਣੇ ਇਲਾਕੇ ਅੰਦਰ ਸਾੜ ਫੂਕ ਤੇ ਕਤਲ ਕਰਨ ਲਗੇ ਹੋਏ ਹਨ, ਪਰ ਉਸ ਦੇ ਆਗੂ ਘੀਸ਼ਿੰਗ ਨੂੰ ਕੇਂਦਰ ਸਰਕਾਰ ਦਾ ਗ੍ਰਹਿ ਮੰਤਰਾਲਾ ਮੁੜ-ਮੁੜ ਗੱਲਬਾਤ ਲਈ ਦਿੱਲੀ ਸੱਦ ਲੈਂਦਾ ਹੈ। ਦਾਰਜੀਲਿੰਗ ਖੇਤਰ ਦੀ ਇਲਾਕਾ ਕੌਂਸਲ ਬਣਾਉਣ ਉਤੇ ਸਮਝੌਤਾ ਹੋਣ ਮਗਰੋਂ ਘੀਸ਼ਿੰਗ ਇਸ ਵਿਚ ਹੋਰ ਇਲਾਕੇ ਸ਼ਾਮਲ ਕਰਨ ਦੀ ਮੰਗ ਕਰ ਰਿਹਾ ਹੈ ਅਤੇ ਉਸਨੂੰ ਵੱਖਰੇ ਗੋਰਖਾਲੈਂਡ ਦੀ ਪਹਿਲੀ ਪੌੜੀ ਆਖ ਰਿਹਾ ਹੈ।

ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੇ ਵਾਲੰਟੀਅਰ ਸਰਕਾਰੀ ਬਿਲਡਿੰਗਾਂ ਫੂਕਣ ਪਾਵਰ ਸਪਲਾਈ ਨੂੰ ਸਾਬੋਤਾਜ ਕਰਨ, ਸਰਕਾਰੀ ਕਰਮਚਾਰੀਆਂ ਉਤੇ ਘਾਤ ਲਾ ਕੇ ਹਮਲੇ ਕਰਨ ਅਤੇ ਵਿਰੋਧੀਆਂ ਨੂੰ ਕਤਲ ਕਰਨ ਦੀਆਂ ਕਾਰਵਾਈਆਂ ਕਰ ਰਹੇ ਹਨ। ਉਨ੍ਹਾਂ ਦੀ ਪਿੱਠ ਨੇਪਾਲ ਦੀ ਸਰਕਾਰ ਪੂਰ ਰਹੀ ਹੈ। ਉਥੇ ਇਨ੍ਹਾਂ ਨੂੰ ਟਰੇਨਿੰਗ ਵੀ ਦਿਤੀ ਜਾ ਰਹੀ ਹੈ ਅਤੇ ਉਥੇ ਦੇ ਪੁਲਸੀਏ ਇਨ੍ਹਾਂ ਨਾਲ ਹਮਲਿਆਂ ਵਿਚ ਵੀ ਸ਼ਾਮਲ ਹੋਏ ਹਨ। ਇਸ ਤਰ੍ਹਾਂ ਪੰਜਾਬ ਤੇ ਜੰਮੂ ਕਸ਼ਮੀਰ ਵਿਚ ਪਾਕਿਸਤਾਨ, ਤ੍ਰੀਪੁਰਾ ਅੰਦਰ ਬੰਗਲਾ ਦੇਸ਼ ਅਤੇ ਦਾਰਜੀਲਿੰਗ ਖੇਤਰ ਅੰਦਰ ਨੇਪਾਲ ਦਹਿਸ਼ਤਗਰਦਾਂ ਦੀ ਮੱਦਦ ਕਰ ਰਿਹਾ ਹੈ।

ਨਕਸਲਵਾਦੀ ਲਹਿਰ ਵੀ ਚਲੀ ਜਾ ਰਹੀ ਹੈ। ਬਿਹਾਰ ਅਤੇ ਆਂਧਰਾ ਪ੍ਰਦੇਸ਼ ਵਿਚ ਤਾਂ ਇਸ ਦਾ ਖਾਸਾ ਜ਼ੋਰ ਹੈ। ਪਿਛੇ ਜਿਹੇ ਆਂਧਰਾ ਪ੍ਰਦੇਸ਼ ਦੇ ਨਕਸਲਵਾਦੀਆਂ ਨੇ ਸਰਕਾਰੀ ਅਫਸਰਾਂ ਨੂੰ ਉਧਾਲ ਕੇ ਆਪਣੀਆਂ ਸ਼ਰਤਾਂ ਮਨਾ ਕੇ ਉਨ੍ਹਾਂ ਨੂੰ ਰਿਹਾਅ ਕੀਤਾ ਹੈ। ਬਿਹਾਰ ਅੰਦਰ ਨਕਸਲਵਾਦ ਨੂੰ ਜ਼ਾਤੀਵਾਦ ਦੀ ਪੁਠ ਚੜ੍ਹੀ ਹੋਈ ਹੈ ਅਤੇ ਜਵਾਬੀ ਕਤਲਾਂ ਤਕ ਨੌਬਤ ਪੁਜ ਜਾਂਦੀ ਹੈ।

8 ਜਨਵਰੀ ਨੂੰ ਕੇਂਦਰ ਸਰਕਾਰ ਨੇ ਮੱਧ ਪ੍ਰਦੇਸ਼, ਉੜੀਸਾ, ਬਿਹਾਰ, ਮਹਾਂਰਾਸ਼ਟਰ, ਪੱਛਮੀ ਬੰਗਾਲ ਤੇ ਆਂਧਰਾ ਦੇ ਚੀਫ ਸਕੱਤਰਾਂ ਤੇ ਪੁਲਸ ਦੇ ਡਾਇਰੈਕਟਰ ਜਨਰਲਾਂ ਦੀ ਦਿੱਲੀ ਵਿਖੇ ਮੀਟਿੰਗ ਕੀਤੀ ਹੈ। ਮਕਸਦ ਇਨ੍ਹਾਂ ਸੂਬਿਆਂ ਅੰਦਰ ਨਕਸਲਵਾਦੀਆਂ ਨਾਲ ਨਿਪਟਣ ਵਾਸਤੇ ਆਪਸੀ ਤਾਲਮੇਲ ਕਰਕੇ ਸਾਂਝੀ ਕਾਰਵਾਈ ਕਰਨ ਦਾ ਹੈਂ। ਇਹ ਗੱਲ ਦਸਦੀ ਹੈ ਕਿ ਇਨ੍ਹਾਂ ਸਾਰੇ ਸੂਬਿਆਂ ਅੰਦਰ ਨਕਸਲਵਾਦੀ ਸਰਗਰਮ ਹਨ

ਦੇਸ਼ ਦੇ ਕਈ ਹਿੱਸਿਆਂ ਅੰਦਰ ਫਿਰਕੂ ਅਤੇ ਜਾਤੀਵਾਦੀ ਦੰਗਿਆਂ ਦੀ ਅੱਗ ਵੀ ਭੜਕ ਪੈਂਦੀ ਹੈ।

* * * *

ਕਾਂਗਰਸ (ੲ) ਨੂੰ ਹੁਣ ਚੋਣਾਂ ਤੋਂ ਡਰ ਲੱਗਣ ਲਗ ਪਿਆ ਹੈ। ਹਰਿਆਣਾ ਦੀ ਹਾਰ ਨੇ ਤਾਂ ਕਾਂਗਰਸ (ੲ) ਨੂੰ ਭੰਬੂ ਤਾਰੇ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ। ਪਰ ਨਾਗਾਲੈਂਡ ਵਿਚ ਜਿਵੇਂ ਕਿਵੇਂ ਜਿਤ ਪ੍ਰਾਪਤ ਕਰਨ ਮਗਰੋਂ ਹੌਂਸਲਾ ਵਝਣ ਲੱਗਾ ਸੀ, ਉਹ ਕਲਕੱਤਾ ਅੰਦਰ ਇਕ ਅਸੰਬਲੀ ਚੋਣ ਵਿਚ ਬੁਰੀ ਤਰ੍ਹਾਂ ਮਾਰ ਖਾ ਜਾਣ ਮਗਰੋਂ ਫੇਰ ਢੈਅ ਗਿਆ ਹੈ।

ਇਸ ਕਰਕੇ ਹਰਿਆਣਾ ਦੀ ਸਿਰਸਾ ਪਾਰਲੀਮੈਂਟਰੀ ਸੀਟ ਦੀ ਚੋਣ ਸੂਬਾ ਸਰਕਾਰ ਦੇ ਦੋ ਵੇਰੀ ਲਿਖਣ ਦੇ ਬਾਵਜੂਦ ਨਹੀਂ ਕਰਾਈ ਜਾ ਰਹੀ।

ਇਸੇ ਤਰ੍ਹਾਂ ਰਾਜਸਥਾਨ ਤੇ ਉਤਰ ਪ੍ਰਦੇਸ਼ ਅੰਦਰ ਜ਼ਿਮਨੀ ਚੋਣਾਂ ਨਹੀਂ ਕਰਾਈਆਂ ਜਾ ਰਹੀਆਂ। ਬਹਾਨਾ ਅਮਨ ਕਾਨੂੰਨ ਦੀ ਹਾਲਤ ਦਾ ਲਾਇਆ ਜਾਂਦਾ ਹੈ। ਪਰ ਤ੍ਰੀਪੁਰਾ ਜਿਥੇ ਖੱਬੀ ਸਰਕਾਰ ਹੈ ਅਤੇ ਦਹਿਸ਼ਤਗਰਦੀ ਜ਼ੋਰਾਂ ਉਤੇ ਹੈ, ਉਥੇ ਚੋਣਾਂ ਦਾ ਆਰਡਰ ਦੇਣ ਲੱਗਿਆਂ ਅਮਨ ਕਾਨੂੰਨ ਦੀ ਗੱਲ ਚੇਤੇ ਹੀ ਨਹੀਂ ਆਈ।

ਦਿੱਲੀ ਦੀ ਮਿਊਂਸਪਲ ਕਾਰਪੋਰੇਸ਼ਨ ਤੇ ਮੈਟਰੋਪਾਲੀਟਨ ਕੌਂਸਲ ਦੀ ਮਿਆਦ ਪੁਗਣ ਮਗਰੋਂ ਚੋਣਾਂ ਹੋਣੀਆਂ ਲਾਜ਼ਮੀ ਸਨ, ਪਰ ਕੇਂਦਰ ਸਰਕਾਰ ਨੇ ਇਨ੍ਹਾਂ ਦੀ ਮਿਆਦ ਹੀ ਆਰਡੀਨੈਂਸ ਰਾਹੀਂ ਇਕ ਇਕ ਸਾਲ ਹੋਰ ਵਧਾ ਕੇ ਚੋਣਾਂ ਪਿਛੇ ਪਾ ਦਿੱਤੀਆਂ ਹਨ। ਏਥੇ ਬਹਾਨਾ ਪਰਸ਼ਾਸਨੀ ਤੇ ਮਿਊਂਸਪਲ ਢਾਂਚੇ ਅੰਦਰ ਕੁਝ ਤਬਦੀਲੀਆਂ ਕਰਨ ਲਈ ਵਿਚਾਰ ਕਰਨ ਦਾ ਲਾ ਲਿਆ ਹੈ। ਇਹ ਵਿਚਾਰ ਪਹਿਲਾਂ ਕਿਉਂ ਨਾ ਕੀਤੀ ਗਈ

ਇਸ ਫੈਸਲੇ ਦੇ ਵਿਰੁਧ ਦੋਵਾਂ ਕਮਿਊਨਿਸਟ ਪਾਰਟੀਆਂ, ਲੋਕ ਦਲ (ਅਜੀਤ), ਜਨ ਮੋਰਚਾ, ਫਾਰਵਰਡ ਬਲਾਕ, ਕਾਂਗਰਸ (ਜੇ), ਰੈਵੋਲੀਊਸ਼ਨਰੀ ਸੋਸ਼ਲਿਸਟ ਪਾਰਟੀ, ਕਾਂਗਰਸ (ਸ) ਤੇ ਜਨਤਾ ਪਾਰਟੀ ਦੀ ਅਗਵਾਈ ਹੇਠ ਭਾਰਾ ਮੁਜ਼ਾਹਰਾ ਕੀਤਾ ਗਿਆ ਅਤੇ 2000 ਵਰਕਰਾਂ ਨੇ ਗ੍ਰਿਫਤਾਰੀ ਦਿੱਤੀ।

ਸਰਕਾਰ ਦੀ ਚੋਣਾਂ ਤੋਂ ਭੱਜਣ ਦੀ ਸੋਚ ਬਹੁਤ ਮਾੜੇ ਭਵਿਸ਼ ਦੀ ਲਖਾਇਕ ਹੈ। ਲੋਕਾਂ ਦੀ ਮੰਗ ਪਾਰਲੀਮੈਂਟ ਦੀਆਂ ਅਧਵਾਟੇ ਚੋਣਾਂ ਦੀ ਹੈ ਤੇ ਕੇਂਦਰ ਸਰਕਾਰ ਦਾ ਚਾਲਾ ਮਿਆਦ ਉਤੇ ਵੀ ਚੋਣਾਂ ਨਾ ਕਰਾਉਣ ਦਾ ਹੈ।

# ਇਤਿਹਾਸਕਾਰ ਡਾਕਟਰ ਗੰਡਾ ਸਿੰਘ

—ਭਗਤ ਸਿੰਘ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ—

ਡਾਕਟਰ ਗੰਡਾ ਸਿੰਘ ਜੀ ਦਾ ਜਨਮ ਜ਼ਿਲਾ ਹੁਸ਼ਿਆਰਪੁਰ ਦੇ ਛੋਟੇ ਜਿਹੇ ਕਸਬੇ ਹਰਿਆਨਾ ਵਿਚ 15 ਨਵੰਬਰ, 1900 ਨੂੰ ਨਾਨਕੇ ਘਰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਸਰਦਾਰ ਜਵਾਲਾ ਸਿੰਘ ਸੀ। ਆਪ ਨੇ ਮੁਢਲੀ ਵਿਦਿਆ ਨਗਰ ਦੀ ਮਸੀਤ ਵਿਚ ਪ੍ਰਾਪਤ ਕੀਤੀ। ਪ੍ਰਾਇਮਰੀ ਅਤੇ ਮਿਡਲ ਦੇ ਇਮਤਿਹਾਨ ਸਥਾਨਕ ਸਰਕਾਰੀ ਵਰਨੈਕੁਲਰ ਸਕੂਲ ਤੋਂ ਪਾਸ ਕੀਤੇ। ਦਸਵੀਂ ਸਰਕਾਰੀ ਹਾਈ ਸਕੂਲ, ਹੁਸ਼ਿਆਰਪੁਰ ਤੋਂ ਪਾਸ ਕੀਤੀ। ਉਚੇਰੀ ਵਿਦਿਆ ਪ੍ਰਾਪਤੀ ਆਪ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕਰਨਾ ਚਾਹੁੰਦੇ ਸਨ ਪਰ ਕੁਝ ਕਾਰਣਾਂ ਕਰਕੇ ਆਪ ਜੀ ਨੇ ਐਫ. ਸੀ. ਕਾਲਜ, ਲਾਹੌਰ ਵਿਚ ਐਫ. ਏ. ਵਿਚ ਦਾਖਲਾ ਲੈ ਲਿਆ। ਕਾਲਜ ਦੀ ਪੜ੍ਹਾਈ ਅਧੂਰੀ ਛੱਡ ਕੇ ਆਪ ਜੀ ਨੇ ਫੌਜ ਵਿਚ ਨੌਕਰੀ ਕਰ ਲਈ। ਬਾਕੀ ਦੀ ਉਚੇਰੀ ਵਿਦਿਆ ਆਪਨੇ ਪ੍ਰਾਈਵੇਟ ਤੌਰ ਤੇ ਕੀਤੀ। ਬੀ. ਏ. ਪੰਜਾਬ ਯੂਨੀਵਰਸਿਟੀ, ਲਾਹੌਰ, ਐਮ. ਏ. (ਇਤਿਹਾਸ) ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ (1944), ਪੀ ਐਚ ਡੀ ਪੰਜਾਬ ਯੂਨੀਵਰਸਿਟੀ ਚੰਡੀਗੜ (1954) ਤੋਂ ਪ੍ਰਾਪਤ ਕੀਤੀ। ਅਲੀਗੜ ਮੁਸਲਿਮ ਯੂਨੀਵਰਸਿਟੀ, ਅਲੀਗੜ (1964) ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ (1978) ਨੇ ਆਪ ਜੀ ਦੇ ਵਡਮੁਲੇ ਖੋਜਕਾਰਜ ਨੂੰ ਮੁਖ ਰਖਦੇ ਹੋਏ ਆਪ ਨੂੰ ਡੀ ਲਿਟ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ।

1930 ਈ: ਵਿਚ ਆਪ ਨੇ ਵਤਨਾਂ ਨੂੰ ਚਾਲੇ ਪਾਏ ਅਤੇ ਲਾਹੌਰ ਨੂੰ ਆਪਣੇ ਭਵਿੱਖ ਦੇ ਕਾਰਜ-ਕਰਮ ਦਾ ਸਥਾਨ ਬਣਾਇਆ ਪਰ ਇਹ ਸਥਾਨ ਵੀ ਉਹਨਾਂ ਨੂੰ ਰਾਸ ਨਾ ਆਇਆ। ਪਰ ਲਾਹੌਰ ਦੇ ਅਸਥਾਈ ਨਿਵਾਸ ਸਮੇਂ ਆਪ ਜੀ ਦਾ ਮੇਲ ਕੁਝ ਅਜਿਹੇ ਵਿਦਵਾਨ ਸੱਜਣਾਂ ਨਾਲ ਹੋਇਆ ਜਿਹਨਾਂ ਦੀ ਛੋਹ ਨੇ ਉਹਨਾਂ ਦੇ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ।

1931 ਈ: ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਸਰਦਾਰ ਬਿਸ਼ਨ ਸਿੰਘ ਜੀ ਦੇ ਉਦਮ ਨਾਲ ਉਹ ਸਿਖ ਇਤਿਹਾਸ ਖੋਜ ਵਿਭਾਗ ਦੇ ਇਨਚਾਰਜ ਥਾਪੇ ਗਏ ਅਤੇ 18 ਸਾਲ ਤੱਕ ਤਨ-ਦੇਹੀ ਨਾਲ ਕੰਮ ਕਰਕੇ ਨਾ ਕੇਵਲ ਸਾਰੇ ਭਾਰਤ ਵਿਚ ਖੋਜ ਵਿਭਾਗ ਨੂੰ ਉਘਾ ਕੀਤਾ ਸਗੋਂ ਆਪਣੇ ਲਈ ਵੀ ਇਕ ਉਘੀ ਥਾਂ ਬਣਾਈ। 1931-1949 ਈ: ਦੇ ਸਮੇਂ ਆਪ ਜੀ ਨੇ ਆਪਣੀਆਂ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ ਦੇ ਚਾਰ ਮਹੀਨੇ ਦੇਸ਼ ਭਰ ਦੀਆਂ ਪ੍ਰਸਿੱਧ ਲਾਇਬਰੇਰੀਆਂ ਵਿਚ ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਸਮੱਗਰੀ ਨੂੰ ਇਕੱਤਰ ਕਰਨ ਦੇ ਮਨੋਰਥ ਲਈ ਭਰਮਨ ਕੀਤਾ। ਡਾਕਟਰ ਗੰਡਾ ਸਿੰਘ ਜੀ ਦੀ ਮਿਹਨਤ ਅਤੇ ਲਗਨ ਸਦਕਾ ਖਾਲਸਾ ਕਾਲਜ ਦਾ ਖੋਜ ਵਿਭਾਗ ਦੇਸ਼ ਵਿਚ ਉਸ ਕਿਸਮ ਦੀਆਂ ਸੰਸਥਾਵਾਂ ਦਾ ਮੋਹਰੀ ਬਣ ਗਿਆ।

1949 ਈ: ਵਿਚ ਡਾਕਟਰ ਗੰਡਾ ਸਿੰਘ ਜੀ ਅੰਮ੍ਰਿਤਸਰ ਨੂੰ ਅਲਵਿਦਾ ਕਹਿ ਕੇ ਪਟਿਆਲੇ ਆ ਗਏ। ਇਥੇ ਆਪ ਜੀ ਨੇ ਬੜੀਆਂ ਜ਼ਿਮੇਵਾਰੀ ਵਾਲੀਆਂ ਪਦਵੀਆਂ ਉਤੇ ਕੰਮ ਕੀਤਾ ਜਿਵੇਂ ਕਿ ਡਾਇਰੈਕਟਰ ਆਰਕਈਵਜ਼ (14 ਫਰਵਰੀ 1950 ਤੋਂ ਮਾਰਚ 2, 1955), ਡਿਪਟੀ ਸਕੱਤਰ, ਪੈਪਸੂ (ਜੁਲਾਈ 1, 1950 ਤੋਂ ਫਰਵਰੀ 3, 1953), ਸੈਂਟਰਲ ਪਬਲਿਕ ਡਾਇਬਰੇਰੀ ਦੇ ਇੰਚਾਰਜ (ਫਰਵਰੀ 10, 1956 ਤੋਂ ਅਕਤੂਬਰ 31, 1956), ਪ੍ਰਿੰਸੀਪਲ, ਖਾਲਸਾ ਕਾਲਜ ਪਟਿਆਲਾ (ਜੂਨ 1960 ਤੋਂ ਸਤੰਬਰ 1963), ਡਾਇਰੈਕਟਰ ਪੰਜਾਬ ਹਿਸਟੋਰੀਕਲ ਸਟੱਡੀਜ਼ (16 ਸਤੰਬਰ 1963 ਤੋਂ 15 ਸਤੰਬਰ 1966)। ਅਜੋਕੇ ਸਮੇਂ ਵਿਚ ਉਹ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ ਵਿਚ 15 ਸਤੰਬਰ 1966 ਤੋਂ ਔਨਰੇਰੀ ਰੀਸਰਚ ਫੈਲੋ ਸਨ।

ਆਪ ਰਾਜ, ਦੇਸ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਬਹੁਤ ਸਾਰੀਆਂ ਕਮੇਟੀਆਂ ਅਤੇ ਸੰਸਥਾਵਾਂ ਦੇ ਮੈਂਬਰ ਸਨ। ਇੰਡੀਅਨ ਹਿਸਟੋਰੀਕਲ ਰਿਕਾਰਡ ਕਮਿਸ਼ਨ, ਪੰਜਾਬ ਰਿਜਨਲ ਕਮੇਟੀ ਰਿਜਨਲ ਰਿਕਾਰਡ ਸਰਵੇ ਕਮੇਟੀ, ਪੰਜਾਬ, ਪੰਜਾਬ ਕਮੇਟੀ ਫਾਰ ਹਿਸਟਰੀ ਆਫ ਫਰੀਡਮ ਮੂਵਮੈਂਟ ਪਟਿਆਲਾ, ਸਿਖ ਹਿਸਟਰੀ ਸੁਸਾਇਟੀ, ਲਾਹੌਰ, ਸਿਖ ਟਰੈਕਟ ਸੁਸਾਇਟੀ, ਲਾਹੌਰ, ਸਿਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ, ਇੰਡੀਅਨ ਹਿਸਟਰੀ ਕਾਂਗਰਸ, ਏਸ਼ਿਆਟਿਕ ਸੁਸਾਇਟੀ ਕਲਕੱਤਾ, ਰਾਇਲ ਏਸ਼ੀਆਟਿਕ ਸੁਸਾਇਟੀ ਆਫ ਗਰੇਟ ਬ੍ਰਿਟੇਨ ਐਂਡ ਆਇਰਲੈਂਡ ਲੰਡਨ, ਪੰਜਾਬ ਹਿਸਟਰੀ ਕਾਨਫਰੰਸ, ਇੰਸਟੀਚਿਊਟ ਆਫ ਹਿਸਟਾਰੀਕਲ ਸਟੱਡੀਜ਼ ਆਦਿ।

ਉਹਨਾਂ ਨੇ 82 ਪੁਸਤਕਾਂ (38 ਅੰਗਰੇਜ਼ੀ, 29 ਪੰਜਾਬੀ, 10 ਉਰਦੂ ਫਾਰਸੀ ਅਤੇ 5 ਹਿੰਦੀ ਵਿਚ) ਅਤੇ 355 ਲੇਖ (211 ਅੰਗਰੇਜ਼ੀ, 115 ਪੰਜਾਬੀ, 26 ਫਾਰਸੀ ਉਰਦੂ ਅਤੇ ਤਿੰਨ ਹਿੰਦੀ ਵਿਚ) ਲਿਖੇ ਹਨ।

ਸ਼ਾਇਦ ਹੀ ਕੋਈ ਵਿਅਕਤੀ ਇਕ ਛੱਤ ਹੇਠ ਕਦੇ ਵੀ ਐਨੀ ਇਤਿਹਾਸਕ ਸਮਗਰੀ ਇਕੱਠੀ ਕਰਨ ਵਿਚ ਸਫਲ ਹੋਇਆ ਹੋਵੇ। ਇਸਦਾ ਮਾਣ ਸਿਰਫ ਡਾਕਟਰ ਗੰਡਾ ਸਿੰਘ ਜੀ ਨੂੰ ਹੀ ਪ੍ਰਾਪਤ ਹੈ। ਉਹਨਾਂ ਦੀ ਨਿਜੀ ਲਾਇਬਰੇਰੀ ਵਿਚ ਵੱਖ ਵੱਖ ਭਾਸ਼ਾਵਾਂ ਦੀਆਂ ਹਜ਼ਾਰਾਂ ਛਪੀਆਂ ਹੋਈਆਂ ਪੁਸਤਕਾਂ ਪਈਆਂ ਹਨ। ਇਥੇ ਕੁਝ ਦੁਰਲਭ ਹੱਥ ਲਿਖਤਾਂ ਵੀ ਹਨ ਜਿਹਨਾਂ ਦੀ ਇਕੋ ਇਕ ਕਾਪੀ ਇਹਨਾਂ ਦੀ ਲਾਇਬਰੇਰੀ ਵਿਚ ਹੈ। ਪੰਜਾਬ ਦੇ ਇਤਿਹਾਸ ਤੇ ਕੰਮ ਕਰਨ ਵਾਲਾ ਕੋਈ ਵੀ ਖੋਜੀ ਇਹਨਾਂ ਦੀ ਨਿਜੀ ਲਾਇਬਰੇਰੀ ਦੇ ਪ੍ਰਯੋਗ ਜਾਂ ਇਹਨਾਂ ਦੁਆਰਾ ਰਚਿਤ ਪੁਸਤਕਾਂ ਤੋਂ ਬਿਨਾਂ ਆਪਣੀ ਖੋਜ ਨੂੰ ਪੂਰਾ ਨਹੀਂ ਸਮਝਦਾ।

ਆਪ ਜੀ ਨੇ ਇਤਿਹਾਸ ਦੀ ਖੋਜ ਵਿਚ ਏਨਾ ਸਮਾਂ ਲਾਇਆ ਤੇ ਇੰਨੀ ਘਾਲਨਾ ਘਾਲੀ ਕਿ ਆਪ ਦੀ ਸ਼ਖਸੀਅਤ ਦਾ ਇਤਿਹਾਸ ਨਾਲ ਇਕ ਪ੍ਰਕਾਰ ਦਾ ਅਟੁੱਟ ਸੰਬੰਧ ਸਮਝਿਆ ਜਾਂਦਾ ਹੈ। ਆਪ ਨੂੰ ਨਾ ਸਿਰਫ ਪੰਜਾਬ ਵਿਚ ਹੀ ਸਗੋਂ ਭਾਰਤ ਦੇ ਚੋਟੀ ਦੇ ਇਤਿਹਾਸਕਾਰਾਂ ਵਿਚ ਵੀ ਅਹਿਮ ਥਾਂ ਪ੍ਰਾਪਤ ਸੀ।


ACE TAX & ACCOUNTING, SERVICES LTD.

| | |
|---|---|
| ਹਿਸਾਬ ਕਿਤਾਬ ਰੱਖਣਾ | Book Keeping |
| ਤਨਖਾਹ ਦਾ ਹਿਸਾਬ | Pay Roll |
| ਕੰਪਨੀ ਬਣਾਉਣਾ | Company Formation |
| ਵਪਾਰ ਲਈ ਆਮ ਸੇਵਾਵਾਂ | General Business Services |
| ਸਮਾਂ ਨੀਯਤ ਕਰਨਾ ਜ਼ਰੂਰੀ ਨਹੀਂ | No Appointment Required |
| ਸ਼ਮਸ਼ ਵਿਰਜ਼ੀ ਨੂੰ ਮਿਲੋ | See SHAMSH VIRJI |

15th Anniversary Sweepstake
Details at your local
ACE Tax & Accounting Services Ltd.

First Prize Return Air Ticket to Delhi
Second Prize VCR Video

ACE TAX & ACCOUNTING SERVICE LTD.

2202 Main St. (At 6th Ave.)
Vancouver, B.C. V5T 3C7
Phone 879-9644

Clearbrook
#5—2599 Cedar Park Place
Ph. 852-3141

9385—120th St.
Delta, B.C. V4C 6R9
Phone 583-2110



# ਫਿਲਮ ਲੋਕ

ਸ਼ਮਸ਼ੇਰ ਸਿੰਘ ਸੰਧੂ

## ਇਕ ਪਾਸੇ ਫੇਲ੍ਹ ਦੂਜੇ ਪਾਸੇ ਪਾਸ

ਸਚਿਨ ਦਾ ਨਾਂ ਹਿੰਦੀ ਫਿਲਮੀ ਹਲਕਿਆਂ ਵਿਚ ਮੱਧਮ ਪੈ ਚੁਕਾ ਹੈ ਪਰ ਮਰਾਠੀ ਫਿਲਮਾਂ 'ਚ ਉਹ ਧੰਨ ਧੰਨ ਕਰਾਈ ਜਾ ਰਿਹਾ ਹੈ। ਦਾਦਾ ਕੋਂਡਕੇ ਨੂੰ ਛੱਡ ਕੇ ਮਰਾਠੀ ਫਿਲਮਾਂ ਵਿਚ ਸਭ ਤੋਂ ਵੱਧ ਪੁੱਛ-ਪ੍ਰਤੀਤ ਵਾਲਾ ਐਕਟਰ ਸਚਿਨ ਹੀ ਹੈ। ਉਸ ਨੇ ਬਾਹਰਲੀਆਂ ਫਿਲਮਾਂ 'ਚ ਹੀਰੋ ਵਜੋਂ ਕੰਮ ਕੀਤਾ ਹੈ ਤੇ ਖੁਦ ਅੱਧੀ ਦਰਜਨ ਫਿਲਮਾਂ ਡਾਇਰੈਕਟਰ ਵਜੋਂ ਬਣਾ ਚੁਕਾ ਹੈ। ਉਸ ਦੀਆਂ ਡਾਇਰੈਕਸ਼ਨ ਹੇਠਲੀਆਂ ਦੋ ਮਰਾਠੀ ਫਿਲਮਾਂ ਨੇ ਸਿਲਵਰ ਜੁਬਲੀ ਮਨਾਈ ਹੈ।

ਹਿੰਦੀ ਫਿਲਮਾਂ ਵਿਚ ਸਚਿਨ ਬਚਪਨ ਤੋਂ ਬਾਲ-ਕਲਾਕਾਰ ਦੇ ਰੂਪ 'ਚ 'ਚੰਦਾ ਔਰ ਬਿਜਲੀ'; 'ਮੰਝਲੀ ਦੀਦੀ' ਆਦਿ 'ਚ ਆਉਂਦਾ ਹੁੰਦਾ ਸੀ। ਫੇਰ ਜਿਉਂ ਹੀ ਜਵਾਨੀ 'ਚ ਪੈਰ ਧਰਿਆ, ਉਹ ਹੀਰੋ ਵਜੋਂ ਸਾਈਨ ਕੀਤਾ ਜਾਣਾ ਲੱਗਾ। ਉਸ ਨੇ 'ਗੀਤ ਗਾਤਾ ਚਲ' ਵਰਗੀਆਂ ਵਧੀਆ ਫਿਲਮਾਂ ਦਿੱਤੀਆਂ। 'ਗੋਪਾਲ ਕ੍ਰਿਸ਼ਨ', 'ਜ਼ਿੱਦ' ਤੋਂ ਲੈ ਕੇ 'ਤ੍ਰਿਸ਼ੂਲ' ਤੇ 'ਮਾਂ ਬੇਟੀ' ਤਕ ਸਚਿਨ ਨੇ ਇਕ ਦਰਜਨ ਤੋਂ ਵੱਧ ਹਿੰਦੀ ਫਿਲਮਾਂ ਵਿਚ ਛੋਟੇ ਜਾਂ ਵੱਡੇ ਰੋਲ ਕੀਤੇ ਪਰ ਸਟਾਰ-ਪੁੱਤਰਾਂ ਸੰਜੇ ਦੱਤ, ਸੰਨੀ ਦਿਓਲ, ਕੁਮਾਰ ਗੌਰਵ ਆਦਿ ਦੇ ਫਿਲਮਾਂ 'ਚ ਪ੍ਰਵੇਸ਼ ਦੇ ਦਿਨਾਂ ਦੌਰਾਨ ਸਚਿਨ ਫਿੱਕਾ ਪੈ ਗਿਆ ਤੇ ਕਿਸੇ ਲੰਮੀ ਭਟਕਣ ਤੋਂ ਪਹਿਲਾਂ ਹੀ ਉਹ ਸੰਭਲਦਾ ਹੋਇਆ ਮਰਾਠੀ ਫਿਲਮਾਂ ਵਿਚ ਆਪਣੀ ਮੋਕਲੀ ਜਗ੍ਹਾ ਕਾਇਮ ਕਰ ਗਿਆ। ਮਰਾਠੀ ਫਿਲਮਾਂ ਵਿਚ ਸਚਿਨ ਕੋਲ ਓਨਾ ਹੀ ਰੁਝੇਵਾਂ ਹੈ ਜਿੰਨਾ ਹਿੰਦੀ-ਫਿਲਮਾਂ 'ਚ ਗੋਵਿੰਦਾ ਤੇ ਚੰਕੀ ਪਾਂਡੇ ਕੋਲ।

ਐਨ ਇਸੇ ਤਰ੍ਹਾਂ ਦਾ ਫਿਲਮ ਕੈਰੀਅਰ ਹੈ ਅਭਿਨੇਤਰੀ ਗੀਟਾ ਭਾਦੁੜੀ ਦਾ ਜੋ ਟੀ ਵੀ ਸੀਰੀਅਲਾਂ ਵਿਚ ਅਕਸਰ ਦਿਖਾਈ ਦਿੰਦੀ ਹੈ। ਗੀਟਾ ਭਾਦੁੜੀ ਨੇ ਵੀ ਸਚਿਨ ਵਾਂਗ ਹਿੰਦੀ ਫਿਲਮਾਂ 'ਚ ਖ਼ੂਬ ਭੱਜ-ਦੌੜ ਕੀਤੀ। ਰਾਜ ਸ਼੍ਰੀ ਵਾਲਿਆਂ ਦੀਆਂ ਕੁਝ ਹਿਟ ਫਿਲਮਾਂ 'ਚ ਉਹ ਆਈ 'ਗੋਪਾਲ ਕ੍ਰਿਸ਼ਨ' ਤੋਂ ਲੈ ਕੇ 'ਕਹਾਨੀ ਫੂਲਨ ਕੀ' ਤਕ ਗੀਟਾ ਭਾਦੁੜੀ ਨੇ ਡੇਢ ਦਰਜਨ ਹਿੰਦੀ ਫਿਲਮਾਂ ਕੀਤੀਆਂ। ਜਦੋਂ ਪਹਿਲਾਂ ਪਹਿਲ ਉਹਦੀ ਇਕ ਫਿਲਮ 'ਡਿੰਪਲ' ਬਣ ਰਹੀ ਸੀ ਤਾਂ ਸਾਰੇ ਕਹਿੰਦੇ ਸਨ ਕਿ ਹਿੰਦੀ ਫਿਲਮ ਜਗਤ ਨੂੰ ਇਕ ਤਕੜੀ ਅਭਿਨੇਤਰੀ ਮਿਲ ਗਈ ਹੈ। ਅਗਾਂਹ ਜਾ ਕੇ ਇੰਜ ਨਾ ਹੋਇਆ। ਹਾਲਾਂ ਕਿ 'ਸਾਵਨ ਕੋ ਆਨੇ ਦੋ' ਤੇ 'ਰਾਧਾ ਔਰ ਸੀਤਾ' ਫਿਲਮਾਂ ਰਾਹੀਂ ਗੀਟਾ ਭਾਦੁੜੀ ਦੀ ਅਭਿਨੈ-ਕਲਾ ਨੂੰ ਗੰਭੀਰਤਾ ਨਾਲ ਸਲਾਹਿਆ ਗਿਆ ਪਰ ਉਸ ਨੂੰ ਖਾਸ ਫਿਲਮਾਂ ਨਾ ਮਿਲੀਆਂ ਜੋ ਕਿ ਹਰ ਉਭਰ ਰਹੀ ਅਭਿਨੇਤਰੀ ਦੀ ਅਹਿਮ ਲੋੜ ਹੁੰਦੀ ਹੈ। ਹਿੰਦੀ ਵਾਲੇ ਪਾਸਿਓਂ 'ਠੰਡਕ' ਦੇਖਦਿਆਂ ਗੀਟਾ ਨੇ ਖੇਤਰੀ ਫਿਲਮਾਂ ਵੱਲ ਝੁਕਾਅ ਕੀਤਾ। ਉਹ ਇਕ ਪੰਜਾਬੀ ਫਿਲਮ 'ਮਾਹੀ ਮੁੰਡਾ' 'ਚ ਵੀ ਬਤੌਰ ਹੀਰੋਇਨ ਆਈ ਸੀ। ਗੁਜਰਾਤੀ ਫਿਲਮਾਂ ਵਿਚ ਗੀਟਾ ਭਾਦੁੜੀ ਉਨ੍ਹਾਂ ਤਿੰਨ-ਚਾਰ ਅਭਿਨੇਤਰੀਆਂ 'ਚੋਂ ਗਿਣੀ ਜਾਂਦੀ ਹੈ ਜਿਨ੍ਹਾਂ ਦਾ ਨਾਂ ਐਲਾਨਿਆਂ ਹੀ ਪ੍ਰੋਡਿਊਸਰਾਂ ਨੂੰ ਫਾਈਨਾਂਸਰਾਂ ਵਲੋਂ ਹਰੀ ਝੰਡੀ ਮਿਲ ਜਾਂਦੀ ਹੈ ਤੇ ਗੁਜਰਾਤੀ ਦਰਸ਼ਕਾਂ 'ਚ ਉਹ ਕਾਫੀ ਹਰਮਨ ਪਿਆਰੀ ਹੈ।

## ਆਪਸੀ ਖਹਿਬਾਜ਼ੀ

ਫਿਲਮੀ ਐਕਟਰਾਂ ਦੀ ਆਪਸੀ ਖਹਿਬਾਜ਼ੀ ਮੁੱਢ ਤੋਂ ਹੀ ਚਲੀ ਆ ਰਹੀ ਹੈ ਤੇ ਚਲਦੀ ਰਹਿਣੀ ਹੈ। ਖਹਿਬਾਜ਼ੀ ਮਨੁੱਖੀ ਸੁਭਾਅ 'ਚ ਸ਼ਾਮਲ ਹੈ ਤੇ ਇਹ ਮੰਨ ਕੇ ਤੁਰਨਾ ਪਵੇਗਾ ਕਿ ਜਦ ਵੀ ਕਿਧਰੇ ਦੋ ਐਕਟਰਾਂ ਦੇ ਹਿਤ ਭਿੜੇ, ਉਹ ਇਕ-ਦੂਜੇ ਦੇ ਨਾਲ ਖਹਿਣ ਲਗ ਪਏ।

ਅੱਜ ਕੱਲ੍ਹ ਨਵੇਂ ਮੁੰਡਿਆਂ 'ਚੋਂ ਸਭ ਤੋਂ ਵੱਧ ਖਹਿਬਾਜ਼ੀ ਚੱਲ ਰਹੀ ਹੈ ਗੋਵਿੰਦਾ ਅਤੇ ਚੰਕੀ ਪਾਂਡੇ ਦੀ। ਗੋਵਿੰਦਾ ਦਾ ਪ੍ਰਵੇਸ਼ ਫਿਲਮਾਂ 'ਚ ਪਹਿਲਾਂ ਹੋਇਆ ਤੇ ਚੰਕੀ ਦਾ ਥੋੜਾ ਜਿਹਾ ਬਾਅਦ। 'ਲਵ 86' ਤੇ 'ਇਲਜ਼ਾਮ' ਨਾਲ ਇਕਦਮ ਗੋਵਿੰਦਾ ਦੀ ਗੁੱਡੀ ਚੜ੍ਹ ਗਈ ਤੇ ਉਹ ਧੜਾਧੜ ਫਿਲਮਾਂ ਸਾਈਨ ਕਰਦਾ ਗਿਆ। ਇਕ ਤਰ੍ਹਾਂ ਨਾਲ ਨਵਿਆਂ 'ਚ ਉਹਦੀ ਅਜਾਰੇਦਾਰੀ ਕਾਇਮ ਹੋ ਗਈ ਸੀ ਕਿਉਂਕਿ ਸੰਜੇ ਦੱਤ ਉਦੋਂ ਬੀਮਾਰੀ ਕਾਰਨ ਪਾਸੇ ਸੀ, ਸੰਨੀ ਦਿਓਲ ਤੇ ਕੁਮਾਰ ਗੌਰਵ ਫੇਲ੍ਹ ਸਿੱਧ ਹੋ ਚੁਕੇ ਸਨ, ਸੁਨੀਲ ਆਨੰਦ ਤੇ ਕੁਨਾਲ ਗੋਸਵਾਮੀ ਵੀ ਆਏ-ਗਏ ਗਰਦਾਨੇ ਜਾ ਚੁਕੇ ਸਨ। ਹੋਰ ਕੋਈ ਨਵਾਂ ਮੁੰਡਾ ਨਹੀਂ ਸੀ ਦਿਸ ਰਿਹਾ ਤੇ ਗੋਵਿੰਦਾ ਦੀ ਚੜ੍ਹ ਮਚ ਗਈ। ਪਰ ਇਹਦੀ 'ਇਨਸਾਨੀਅਤ ਕੇ ਦੁਸ਼ਮਨ' ਤੇ 'ਆਗ ਹੀ ਆਗ' ਨੇ ਦਿਨਾਂ-ਹਫਦਿਆਂ ਵਿਚ ਹੀ ਚੰਕੀ ਪਾਂਡੇ ਨੂੰ ਸਾਹਮਣੇ ਲਿਆ ਖੜ੍ਹਾ ਕੀਤਾ। ਜਿਹੜੇ ਫਿਲਮਕਾਰ ਨਵੇਂ ਚਿਹਰੇ ਵਜੋਂ ਸਿਰਫ ਗੋਵਿੰਦਾ ਦੁਆਲੇ ਘੁੰਮ ਰਹੇ ਸਨ, ਦੁਚਿੱਤੀ 'ਚ ਪੈ ਗਏ। ਦੇਖਦਿਆਂ ਹੀ ਦੇਖਦਿਆਂ ਗੋਵਿੰਦੇ ਦੇ ਬਰਾਬਰ ਚੰਕੀ ਪਾਂਡੇ ਆ ਖੜੋਇਆ। ਇਥੋਂ ਤੱਕ ਕਿ ਕੱਦਕਾਠ 'ਚ ਅਤੇ ਅਦਾਕਾਰੀ ਦੇ ਲਿਹਾਜ਼ ਨਾਲ ਚੰਕੀ ਨੂੰ ਗੋਵਿੰਦਾ ਨਾਲੋਂ ਬਿਹਤਰ ਸਮਝਿਆ ਜਾਣ ਲੱਗਾ। ਜਦੋਂ ਗੋਵਿੰਦਾ ਨੂੰ ਮਿਲਣ ਵਾਲੀਆਂ ਕੁਝ ਕੁ ਫਿਲਮਾਂ ਚੰਕੀ ਦੀ ਝੋਲੀ ਜਾ ਪਈਆਂ ਤਾਂ ਗੋਵਿੰਦਾ ਤਿਲਮਿਲਾ ਉਠਿਆ। ਦੋਹਾਂ ਦੀ ਖਹਿਬਾਜ਼ੀ ਉਭਰੀ। ਹੁਣ ਗੱਲ ਇਥੋਂ ਤਕ ਪੁਜ ਗਈ ਹੈ ਕਿ ਜਿਹੜੀਆਂ ਫਿਲਮਾਂ 'ਚ ਉਹ ਦੋਹੇਂ ਇਕੱਠੇ ਕੰਮ ਕਰ ਰਹੇ ਹਨ, ਉਨ੍ਹਾਂ ਦੇ ਨਿਰਮਾਤਾਵਾਂ, ਨਿਰਦੇਸ਼ਕਾਂ ਨੂੰ ਬੜਾ ਸੁਚੇਤ ਹੋ ਕੇ ਤੇ ਸੰਭਲ ਕੇ ਚੱਲਣਾ ਪੈਂਦਾ ਹੈ, ਕਿਤੇ ਈਗੋ ਦਾ ਸਖਤ ਟਕਰਾਅ ਨਾ ਹੋ ਜਾਵੇ, ਕਿਤੇ ਦੋਹਾਂ ਨੂੰ 'ਪੱਖਪਾਤ' ਜਾਂ 'ਵਿਤਕਰਾ' ਕਹਿਣ ਦਾ ਮੌਕਾ ਨਾ ਦਿੱਤਾ ਜਾਵੇ।





ਬਿੰਦੂ, ਸੋਨਿਕਾ ਤੇ ਰਾਹੁਲ ਫ਼ਿਲਮ 'ਕਲਯੁਗ ਕੀ ਰਾਮਾਇਣ' ਵਿਚ

ਇਹੋ ਜਿਹੀ ਖਹਿਬਾਜ਼ੀ ਕਿਸੇ ਸਮੇਂ ਰਾਜੇਸ਼ ਖੰਨਾ ਤੇ ਅਮਿਤਾਭ ਬਚਨ ਵਿਚਕਾਰ ਵੀ ਚਲਦੀ ਰਹੀ ਹੈ। ਹੁਣ ਕਿਸੇ ਕਿਸਮ ਦੀ ਖਹਿਬਾਜ਼ੀ ਵਿਨੋਦ ਖੰਨਾ ਤੇ ਅਮਿਤਾਭ ਬਚਨ ਵਿਚਾਲੇ ਵੀ ਚੱਲ ਰਹੀ ਹੈ।

## ਕਿਮ ਫਿਲਮ ਬਣਾਏਗੀ

ਜਿਵੇਂ ਸਾਹਿਤਕ ਹਲਕਿਆਂ 'ਚ ਇਕ ਗੱਲ ਆਮ ਕਹੀ ਜਾਂਦੀ ਹੈ ਕਿ ਜਿਹੜੇ ਕਲਮਕਾਰਾਂ ਦੀ ਰਚਨਾਵਾਂ ਨੂੰ ਰਿਸਾਲਿਆਂ ਵਾਲੇ ਨਹੀਂ ਝੱਲਦੇ, ਉਹ ਖੁਦ ਰਿਸਾਲੇ ਕੱਢ ਲੈਂਦੇ ਨੇ ਤੇ ਇਉਂ ਸਾਹਿਤਕਾਰ ਵੀ ਅਖਵਾ ਲੈਂਦੇ ਨੇ ਅਤੇ ਸੰਪਾਦਕ ਵੀ। ਇਸੇ ਕਿਸਮ ਦੀ ਗੱਲ ਫਿਲਮੀ ਦੁਨੀਆਂ ਵਿਚ ਵੀ ਪ੍ਰਚਲਤ ਹੈ ਕਿ ਜਿਹੜੇ ਕਲਾਕਾਰਾਂ ਨੂੰ ਫਿਲਮਕਾਰ ਨਹੀਂ ਝੱਲਦੇ, ਉਹ ਖੁਦ ਹੀ ਫਿਲਮ ਬਣਾਉਣ ਤੁਰ ਪੈਂਦੇ ਹਨ ਤੇ ਇਉਂ ਅਦਾਕਾਰ ਵੀ ਅਖਵਾ ਲੈਂਦੇ ਨੇ ਅਤੇ ਪ੍ਰੋਡਿਊਸਰ ਵੀ।

ਅਜਿਹੀਆਂ ਕਈ ਮਿਸਾਲਾਂ ਮਿਲ ਜਾਂਦੀਆਂ ਹਨ ਕਿ ਅਭਿਨੇਤਰੀਆਂ ਨੂੰ ਜਦੋਂ ਇਹ ਭਾਸਿਆ ਕਿ ਉਨ੍ਹਾਂ ਨੂੰ ਕਿਧਰੇ ਕੰਮ ਨਹੀਂ ਮਿਲਦਾ ਤਾਂ ਆਪ ਹੀ ਫਿਲਮ-ਨਿਰਮਾਣ ਦੇ ਮੈਦਾਨ 'ਚ ਕੁੱਦ ਪਈਆਂ। ਪਦਮਨੀ ਕਪਿਲਾ ਕਈ ਫਿਲਮਾਂ ਦੀ ਹੀਰੋਇਨ ਆਣ ਦੇ ਬਾਵਜੂਦ ਜਦੋਂ ਫਿੱਕੀ ਪੈਂਦੀ ਚਲੀ ਗਈ ਤਾਂ ਉਸ ਨੇ ਆਪਣੀ ਮਾਂ ਨਾਲ ਰਲ ਕੇ ਇਕ ਫਿਲਮ ਬਣਾਈ ਪਰ ਫਿਲਮ ਚਲੀ ਨਾ। ਫੇਰ ਇਕ ਹੋਰ ਫਿਲਮ ਬਣਾਈ। ਉਹ ਵੀ ਨਾ ਚੱਲੀ। ਅਜੇ ਤੱਕ ਪਦਮਨੀ ਡਾਵਾਂਡੋਲ ਚਲੀ ਆ ਰਹੀ ਹੈ। ਇਸੇ ਤਰ੍ਹਾਂ ਅਭਿਨੇਤਰੀ ਸ਼ੀਤਲ ਨੇ ਸੋਚਿਆ ਤੇ ਕੀਤਾ। ਬਾਹਰਲੀਆਂ ਫਿਲਮਾਂ ਜਦੋਂ ਮਿਲਣੋਂ ਹਟ ਗਈਆਂ ਤਾਂ ਉਸ ਨੇ ਖੁਦ ਦੋ ਫਿਲਮਾਂ ਪ੍ਰੋਡਿਊਸ ਕੀਤੀਆਂ। ਨਾ ਫਿਲਮਾਂ ਚਲੀਆਂ ਤੇ ਨਾ ਹੀ ਸ਼ੀਤਲ ਚਲ ਸਕੀ

ਤਾਜ਼ਾ ਮਿਸਾਲ ਅਭਿਨੇਤਰੀ ਕਿਮ ਦੀ ਹੈ ਜਿਸ ਨੇ ਖੁਦ ਫਿਲਮ ਬਣਾਉਣ ਦੀ ਠਾਣ ਲਈ ਹੈ। ਇਸ ਦੀ ਹੀਰੋਇਨ ਵੀ ਉਹ ਖੁਦ ਹੋਵੇਗੀ ਤੇ ਹੀਰੋ ਚੁਣਨਾ ਅਜੇ ਬਾਕੀ ਹੈ। ਕਿਮ ਉਹੀਓ ਲੜਕੀ ਹੈ ਜੋ ਕਿਸੇ ਸਮੇਂ 'ਪਹਿਰੇਦਾਰ', 'ਬੁਲੰਦੀ', ਅਤੇ 'ਦਿਲਾਵਰ' ਵਰਗੀਆਂ ਫਿਲਮਾਂ ਵਿਚ ਐਕਟਰ ਡੈਨੀ ਦੀ ਹੀਰੋਇਨ ਬਣ ਕੇ ਆਈ ਸੀ। ਹਾਲਾਂ ਕਿ ਕਿਮ ਵਿਚ ਉਹ ਸਾਰੀਆਂ ਵਿਸ਼ੇਸ਼ਤਾਈਆਂ ਹਨ ਜੋ ਇਕ ਆਮ ਅਭਿਨੇਤਰੀ 'ਚ ਜ਼ਰੂਰੀ ਸਮਝੀਆਂ ਜਾਂਦੀਆਂ ਹਨ। ਉਹ ਖ਼ੂਬ ਨੱਚਣਾ ਜਾਣਦੀ ਹੈ, ਹਾਵ-ਭਾਵ ਪ੍ਰਗਟਾਉਣ ਲਈ ਚਿਹਰੇ ਉਪਰ ਹਰ ਤਰ੍ਹਾਂ ਦੇ ਰੰਗ ਲਿਆ ਸਕਦੀ ਹੈ, ਕੱਦ-ਕਾਠ ਵੀ ਹੈ ਤੇ ਹੁਸਨ ਵੀ। ਇਥੋਂ ਤਕ ਕਿ ਉਸ ਨੂੰ ਪ੍ਰੋਡਿਊਸਰਾਂ, ਡਾਇਰੈਕਟਰਾਂ ਨੂੰ ਬੇਹੱਦ ਕੋਆਪਰੇਟ ਕਰਨ ਵਾਲੀ ਅਭਿਨੇਤਰੀ ਵੀ ਆਖਿਆ ਜਾਂਦਾ ਰਿਹਾ ਹੈ ਪਰ ਉਹ ਬਤੌਰ ਅਭਿਨੇਤਰੀ ਚਲ ਨਹੀਂ ਸਕੀ। ਜਦੋਂ ਮੁਕੰਮਲ ਹੀਰੋਇਨ ਵਾਲੇ ਰੋਲ ਮਿਲਣੋਂ ਹਟ ਗਏ ਸਨ ਤਾਂ ਕਿਮ ਨੇ ਸਾਈਡ ਰੋਲ ਤੇ ਹੋਰ ਛੋਟੇ-ਮੋਟੇ ਰੋਲ ਵੀ ਹੱਸ ਕੇ ਸਵੀਕਾਰਨੇ ਆਰੰਭ ਦਿੱਤੇ ਪਰ ਉਹ ਇਸ ਜਗ੍ਹਾ ਵੀ ਨਾ ਟਿਕ ਸਕੀ। ਇਸ ਸਮੇਂ ਉਸ ਕੋਲ ਤਿੰਨ-ਚਾਰ ਫਿਲਮਾਂ ਹੀ ਰਹਿ ਗਈਆਂ ਹਨ 'ਕਮਾਂਡੋ' ਅਤੇ 'ਘਰ ਵਾਲੀ ਬਾਹਰ ਵਾਲੀ' ਆਦਿ। ਇਨ੍ਹਾਂ ਫਿਲਮਾਂ 'ਚ ਉਸ ਦੇ ਰੋਲ ਖਾਸ ਮਹੱਤਵਪੂਰਨ ਨਹੀਂ। ਉਹ ਆਪਣੀ ਪ੍ਰੋਡਕਸ਼ਨ ਵਿਚ ਵੱਡੇ ਤੇ ਮੁਖ ਰੋਲ 'ਚ ਆਏਗੀ ਤੇ ਇਹ ਤਾਂ ਫੇਰ ਫਿਲਮ ਹੀ ਦੱਸੇਗੀ ਕਿ ਕਿਮ ਦੇ ਅਭਿਨੈ ਦਾ ਕਿੰਨਾ ਕੁ ਨੋਟਿਸ ਲਿਆ ਜਾਂਦਾ ਹੈ।

# ਬੱਚੇ ਪੋਲੀਓ ਦਾ ਸ਼ਿਕਾਰ ਕਿਉਂ?

**ਤਰਸੇਮ ਸ਼ਰਮਾ**

ਪੋਲੀਓ ਇਕ ਐਸੀ ਭਿਆਨਕ ਬੀਮਾਰੀ ਹੈ ਜੋ ਸਿਰਫ ਛੋਟੀ ਉਮਰ ਦੇ ਬੱਚਿਆਂ ਨੂੰ ਹੀ ਲਗਦੀ ਹੈ। ਕਈ ਬੱਚੇ ਇਸ ਬੀਮਾਰੀ ਨਾਲ ਮਰ ਜਾਂਦੇ ਹਨ ਅਤੇ ਜੋ ਬੱਚ ਜਾਂਦੇ ਹਨ ਉਹ ਸਾਰੀ ਉਮਰ ਲਈ ਅਪਾਹਜ਼ ਹੋ ਜਾਂਦੇ ਹਨ। ਪੋਲੀਓ ਨਾਲ ਅਪਾਹਜ਼ ਬੱਚੇ ਗਲੀਆਂ ਵਿਚ ਸੋਟੀਆਂ ਦਾ ਸਹਾਰਾ ਲੈ ਕੇ ਚਲਦੇ ਦੇਖੇ ਜਾਂਦੇ ਹਨ। ਕਈ ਤਾਂ ਰੁੜਦੇ ਹਨ ਅਤੇ ਕਈ ਆਪਣੇ ਆਪ ਨੂੰ ਘਸੀਟਦੇ ਫਿਰਦੇ ਹਨ। ਇਥੋਂ ਤੱਕ ਕਿ ਕਈ ਵਿਚਾਰੇ ਤਾਂ ਚਾਰਾਂ ਹੱਥਾਂ ਪੈਰਾਂ ਦਾ ਸਹਾਰਾ ਲੈ ਕੇ ਜਾਨਵਰਾਂ ਵਾਂਗ ਤੁਰਦੇ ਹਨ। ਕੀ ਅਪਾਹਜ ਬੱਚੇ ਆਪਣੇ ਪਿਛਲੇ ਜਨਮਾਂ ਦੀ ਸਜ਼ਾ ਭੁਗਤਦੇ ਹਨ ਜਾਂ ਆਪਣੇ ਮਾਪਿਆਂ ਦੀ ਗਲਤੀ ਦਾ ਨਤੀਜਾ ਹਨ? ਜ਼ਿਆਦਾਤਰ ਪੋਲੀਓ ਦਾ ਸ਼ਿਕਾਰ ਬੱਚੇ ਉਹਨਾਂ ਦੇ ਮਾਪਿਆਂ ਦੀ ਗਲਤੀ ਕਾਰਨ ਹੀ ਅਪਾਹਜ਼ ਹੁੰਦੇ ਹਨ।

ਅਨਪੜ੍ਹਤਾ ਅਤੇ ਅੰਧ ਵਿਸ਼ਵਾਸ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਪੋਲੀਓ ਦੀਆ ਬੂੰਦਾ ਨਹੀਂ ਪਿਲਾਉਂਦੇ। ਇਸ ਗਲਤੀ ਦੀ ਸਜ਼ਾ ਬੱਚੇ ਭੁਗਤਦੇ ਹਨ ਜਦੋਂ ਕਿ ਗੁਨਾਹਗਾਰ ਮਾਪੇ ਹੁੰਦੇ ਹਨ। ਪੋਲੀਓ ਦੀ ਬਿਮਾਰੀ ਨਾਲ ਸ਼ਿਕਾਰ ਬੱਚਿਆਂ ਵਿਚੋਂ ਦਸ ਪ੍ਰਤੀਸ਼ਤ ਬੱਚੇ ਮਰ ਜਾਂਦੇ ਹਨ ਅਤੇ ਤਕਰੀਬਨ 85 ਪ੍ਰਤੀਸ਼ਤ ਬੱਚੇ ਅਪਾਹਜ਼ ਹੋ ਜਾਂਦੇ ਹਨ। ਇਹ ਬੀਮਾਰੀ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਬਹੁਤ ਹੁੰਦੀ ਹੈ। ਪਰ 18 ਮਹੀਨਿਆਂ ਤੱਕ ਦੀ ਉਮਰ ਦੇ ਬੱਚਿਆਂ ਦੀ ਗਿਣਤੀ ਸੱਭ ਤੋਂ ਜ਼ਿਆਦਾ ਹੈ। ਤਿੰਨ ਤੋਂ ਪੰਜ ਸਾਲ ਤੱਕ ਦੀ ਉਮਰ ਦੇ ਬੱਚਿਆਂ ਵਿਚ ਇਸ ਬੀਮਾਰੀ ਦੇ ਰੋਗੀਆਂ ਦੀ ਗਿਣਤੀ ਘੱਟ ਹੈ ਅਤੇ ਇਸ ਤੋਂ ਵੱਡੀ ਉਮਰ ਦੇ ਬੱਚਿਆਂ ਵਿਚ ਇਹ ਬੀਮਾਰੀ ਘੱਟ ਹੁੰਦੀ ਹੈ।

ਇਕ ਸਰਵੇਖਣ ਕਰਨ ਤੇ ਵਿਕਸਤ ਹੋ ਰਹੇ ਦੇਸ਼ਾਂ ਵਿਚ ਹਰ ਸਾਲ 275000 ਬੱਚੇ ਪੋਲੀਓ ਦੀ ਬੀਮਾਰੀ ਦਾ ਸ਼ਿਕਾਰ ਹੁੰਦੇ ਹਨ ਅਤੇ ਇਹਨਾਂ ਵਿਚੋਂ ਜ਼ਿਆਦਾ ਬੱਚੇ ਤਿੰਨ ਸਾਲ ਤੋਂ ਘੱਟ ਉਮਰ ਦੇ ਹੁੰਦੇ ਹਨ। ਸਾਡੇ ਦੇਸ਼ ਵਿਚ ਹਰ ਡੇਢ ਸਕਿੰਟ ਬਾਅਦ ਇਕ ਬੱਚਾ ਪੈਦਾ ਹੁੰਦਾ ਹੈ ਅਤੇ ਇਕ ਸਾਲ ਵਿਚ ਦੋ ਕਰੋੜ 10 ਲੱਖ ਬੱਚੇ ਪੈਦਾ ਹੁੰਦੇ ਹਨ। ਹਰ ਦਸ ਬੱਚਿਆਂ ਵਿਚੋਂ ਇਕ ਬੱਚਾ ਆਪਣਾ ਪਹਿਲਾ ਜਨਮ ਦਿਨ ਮਨਾਉਣ ਤੋਂ ਪਹਿਲਾਂ ਹੀ ਮਰ ਜਾਂਦਾ ਹੈ। ਇਹਨਾਂ ਮੌਤਾਂ ਦੀ ਗਿਣਤੀ ਨੂੰ ਅਸੀਂ ਘੱਟਾ ਕੇ ਅੱਧੀ ਕਰ ਸਕਦੇ ਹਨ ਜੇਕਰ ਇਕ ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ ਨੂੰ ਛੇ ਮਾਰੂ ਬੀਮਾਰੀਆਂ ਦੇ ਹਿਫਾਜਤੀ ਟੀਕੇ ਲਗਵਾਏ ਜਾਣ। ਇਹ ਬੀਮਾਰੀਆਂ ਹਨ ਤਪਦਿਕ, (ਟੀ ਬੀ) ਗਲਘੋਟੂ, ਕਾਲੀ ਖਾਂਸੀ, ਧੁਨਕ (ਟੈਟਨਸਮ ਪੋਲੀਓ ਅਤੇ ਖਸਰਾ। ਤਪਦਿਕ ਦਾ ਟੀਕਾ ਜਨਮ ਤੋ ਤੁਰੰਤ ਬਾਅਦ ਲਗਦਾ ਹੈ। ਗਲਘੋਟੂ, ਕਾਲੀ ਖੰਘ, ਧਨੁਕਵਾ (ਡੀ ਪੀ ਵੀ) ਦਾ ਟੀਕਾ ਅਤੇ ਪੋਲੀਓ ਦੀਆਂ ਬੂੰਦਾਂ ਛੇ ਵੇਂ, ਦਸ ਵੇਂ ਅਤੇ 14 ਵੇਂ ਹਫਤੇ ਤੇ ਇਕ ਮਹੀਨੇ ਦੇ ਅੰਤਰ ਨਾਲ ਦਿੱਤੀਆਂ ਜਾਂਦੀਆਂ ਹਨ। ਖਸਰੇ ਦਾ ਟੀਕਾ 9 ਵੇਂ ਮਹੀਨੇ ਲਗਦਾ ਹੈ। ਪੋਲੀਓ ਅਤੇ ਡੀ ਪੀ ਟੀ ਦੀ ਬੂਸਟਰ ਖੁਰਾਕ ਇਕ ਸਾਲ ਬਾਦ ਫਿਰ ਦੁਬਾਰਾ ਦਿੱਤੀ ਜਾਂਦੀ ਹੈ।

---

• ਇਕ ਖੇਡ ਪੱਤਰਕਾਰ ਨੇ ਦੌੜਾਕ ਦੀ ਪਤਨੀ ਨੂੰ ਪੁਛਿਆ, 'ਇਹ ਜਦੋਂ ਵੀ ਦੌੜ ਲਾਉਣ ਜਾਂਦੇ ਨੇ ਤਾਂ ਕੀ ਤੁਸੀਂ ਇਹਨਾਂ ਦੇ ਨਾਲ ਹੁੰਦੇ ਹੋ?

ਜੇ ਨਾ ਹੋਵਾਂ ਤਾਂ ਇਹ ਹਾਰ ਕੇ ਆਉਂਦੇ ਨੇ' ਪਤਨੀ ਨੇ ਝੱਟ ਜਵਾਬ ਦਿੱਤਾ।


## ਕਿਰਾਏ ਲਈ ਖਾਲੀ

ਬਰਨਬੀ ਵਿਚ ਇਕ ਬੈੱਡਰੂਮ ਦੀ ਬੇਸਮਿੰਟ ਕਿਰਾਏ ਲਈ ਖਾਲੀ ਹੈ, ਜਿਸ ਵਿਚ ਕਾਰਪੇਟ, ਫਰਿਜ਼, ਸਟੋਵ, ਤੇ ਸਾਰੀਆਂ ਸਹੂਲਤਾਂ ਹਨ। ਬੱਸ ਸਟਾਪ ਵੀ ਨੇੜੇ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :

525-0268





# PUBLIC AUCTION

## ਹਰ ਐਤਵਾਰ ਨੂੰ

*TOTAL LIQUIDATION OF SCORES OF DOMESTIC & IMPORT CARS, TRUCKS, RVs, TRAILERS, FARM EQUIPMENT, MOTORCYCLES ETC.*

**TIME 1 P.M. SHARP**

**"SELLING UNRESERVED UNITS"**

FREE ਹਰ ਵਿਅਕਤੀ ਜੋ ਰਜਿਸਟਰ ਹੋਵੇਗਾ ਉਸਨੂੰ ਡੀਜ਼ੀਟਲ ਮੈਡੀਕਲ ਥਰਮਾਮੀਟਰ ਮੁਫ਼ਤ ਦਿੱਤਾ ਜਾਵੇਗਾ

ਸਮਾਂ : 9 ਵਜੇ ਸਵੇਰੇ ਤੋਂ ਸ਼ਾਮ ਦੇ 6 ਵਜੇ ਤੱਕ

**MOTO-WEST MOTORS LIMITED**
**533-1777**
22314 Fraser Highway, Langley

ਸੈਂਕੜੇ ਕਾਰਾਂ, ਟਰੱਕ, ਟਰੇਲਰ, ਫਾਰਮਾਂ ਦੇ ਸਮਾਨ, ਮੋਟਰ ਸਾਈਕਲ ਆਦਿ ਦੇਖਣ ਲਈ ਪੁੱਜੋ

MIN $100 CASH, VISA, OR M/C FOR DEPOSIT ONLY


---

ਮਾਂ ਨੂੰ ਪੁਤਰ ਨਾਲੋਂ ਧੀ ਨਾਲ ਜ਼ਿਆਦਾ ਉਲਸ ਹੁੰਦੀ ਹੈ। ਉਹ ਚੰਗੀ ਤਰਾਂ ਸਮਝਦੀ ਹੈ ਕਿ ਮੈਂ ਇਸ ਨੂੰ ਇਕ ਯੋਗ ਇਸਤਰੀ ਬਣਾਉਣਾ ਹੈ — ਟੈਗੋਰ

---


# An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL **Ph. 872-7375**



ਬਾਬੂ ਬਾਂਸਲ

## ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

ਫ਼ੋਨ : 872-7375



## Thinking of Buying or Selling



ਨਿਰਮਲ ਸਿੰਘ ਧਾਲੀਵਾਲ

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

***For The Best Selection & 100% Satisfaction***

**NIRMAL (Neil) DHALIWAL**

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials




L/R LAKEVIEW REALTY LTD.
10732 KING GEORGE HWY., SURREY, B.C. V3T 2X7

# G & S VANS

(A division of GILL AUTO SALES)

Also all vehicles in stock on Special

**SOFA BEDS** Reg. $495 each
Now from $400 each

**INTERIORS** Reg. $795 Now From $700

**BAY WINDOWS** Reg. $99 Now From $89

**CAPTAINS' CHAIRS** (Pair) Reg. $425 Now From $395

## AT GILL AUTO SALES

## GREATEST SAVING

**For example :**

**1985 - OLDSMOBILE - TORNADO - 305-V-8—P/S—P/B—P/W— P/DL CRUISE—TILT—P/Seats—P/Trunk-Stereo—Air — Power Sunroof**
**Sale Price $13950**

**1985 BUICK LESABRE—V-8—305—P/S—P/B—P/W—P/DL— Cruise Tilt Stereo & Air Condition**
**Sale price $10550**

## BIG SAVING

**Boogie VAN & Travel VAN**
**Come and ask for Sale Price**

## CALL 522-2122 COLLECT

# GILL AUTO SALES




**7762 - Edmonds St., Burnaby, B.C.**

**DLR #8220**

**OPEN MON.—FRI. 9 AM-8 PM — SAT. 9 AM-6 PM — SUN. 10 AM-4 PM**